# ਸੰਖੇਪ ਰਿਪੋਰਟ
# ਐਕਸੈਸਿਬਿਲਟੀ ਲੈਜਿਲੇਸ਼ਨ ਕਨਸਲਟੇਸ਼ਨ (ਪਹੁੰਚਯੋਗਤਾ ਦੇ ਕਾਨੂੰਨ ਬਾਰੇ ਸਲਾਹ-ਮਸ਼ਵਰਾ)

## ਮਿਨਿਸਟਰ ਦਾ ਸੰਦੇਸ਼

ਮੈਂ ਉਨ੍ਹਾਂ 7,000 ਬ੍ਰਿਟਿਸ਼ ਕੋਲੰਬੀਅਨਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਪ੍ਰਸਤਾਵਿਤ ਪਹੁੰਚਯੋਗਤਾ ਕਾਨੂੰਨ ਬਾਰੇ ਸਾਡੇ ਹਾਲੀਆ ਸਲਾਹ-ਮਸ਼ਵਰੇ ਦੌਰਾਨ ਆਪਣੀ ਇਨਪੁਟ ਅਤੇ ਫੀਡਬੈਕ ਪ੍ਰਦਾਨ ਕੀਤੀ। ਅਸੀਂ ਸੰਯੁਕਤ ਰਾਸ਼ਟਰ ਦੇ ਸਿਧਾਂਤ 'ਸਾਡੇ ਬਾਰੇ ਕੁਝ ਨਹੀਂ, ਸਾਡੇ ਬਗੈਰ ਕੁਝ ਨਹੀਂ,' (‘nothing about us, without us’) ਦੇ ਨਾਲ ਜਨਤਕ ਸਲਾਹ-ਮਸ਼ਵਰਾ ਕੀਤਾ।

ਬਹੁਤ ਲੰਬੇ ਸਮੇਂ ਤੋਂ, ਮੈਂ ਅਪਾਹਜ ਲੋਕਾਂ ਤੋਂ ਸੁਣਿਆ ਹੈ ਜੋ ਬੇਅਸਰ ਨੀਤੀਆਂ ਦੁਆਰਾ ਅਸੰਤੁਸ਼ਟ ਮਹਿਸੂਸ ਕਰਦੇ ਹਨ ਕਿਉਂਕਿ ਉਹਨਾਂ ਨੂੰ ਪਹੁੰਚਯੋਗਤਾ ਨੂੰ ਧਿਆਨ ਵਿੱਚ ਰੱਖ ਕੇ ਵਿਕਸਤ ਨਹੀਂ ਕੀਤਾ ਗਿਆ ਸੀ। ਸਲਾਹ ਮਸ਼ਵਰੇ ਦੇ ਦੌਰਾਨ, ਮੈਨੂੰ ਪ੍ਰਾਂਤ ਵਿੱਚ 10 ਕਮਿਊਨਿਟੀ ਮੀਟਿੰਗਾਂ ਅਤੇ ਇਕ ਵਰਚੁਅਲ ਟਾਉਨਹਾਲ ਵਿਚ ਭਾਗ ਲੈਣ ਦਾ ਸੁਭਾਗ ਮਿਲਿਆ। ਸਭ ਤੋਂ ਵੱਡੀ ਚਿੰਤਾ ਜੋ ਮੈਂ ਇਨ੍ਹਾਂ ਮੀਟਿੰਗਾਂ ਵਿੱਚ ਸੁਣੀ, ਉਹ ਸੀ ਵਿਕਲਾਂਗਤਾ ਵਾਲੇ ਵਿਅਕਤੀਆਂ ਬਾਰੇ ਕੇਵਲ ਜਾਗਰੂਕ ਕਰਨ ਅਤੇ ਜਾਗਰੂਕਤਾ ਵਧਾਉਣ ਤੋਂ ਪਰੇ ਜਾਣਾ ਅਤੇ ਸ਼ਾਮਲ ਕੀਤੇ ਜਾਣ ਵਾਲੇ ਸਭਿਆਚਾਰ ਨੂੰ ਪੈਦਾ ਕਰਨਾ ਜਿੱਥੇ ਰੁਕਾਵਟਾਂ ਨੂੰ ਦੂਰ ਕੀਤਾ ਜਾਂਦਾ ਹੈ, ਅਤੇ ਹਰ ਕੋਈ ਸਵੀਕਾਰਿਆ ਮਹਿਸੂਸ ਕਰਦਾ ਹੈ।

ਕਿਸੀ ਵੀ ਪ੍ਰਕਾਰ ਦੀ ਵਿਕਲਾਂਗਤਾ ਦੇ ਨਾਲ 926,000 ਤੋਂ ਵੱਧ ਬ੍ਰਿਟਿਸ਼ ਕੋਲੰਬੀਅਨ ਹਨ - ਆਬਾਦੀ ਦੇ ਲਗਭਗ 25% (2017) ਨੂੰ ਦਰਸਾਉਂਦਾ ਹੋਏ। ਜਿਵੇਂ-ਜਿਵੇਂ ਸਾਡੀ ਆਬਾਦੀ ਦੀ ਉਮਰ ਵਧਦੀ ਹੈ, ਅਪਾਹਜ ਲੋਕਾਂ ਦੀ ਗਿਣਤੀ ਅਤੇ ਉਨ੍ਹਾਂ ਦੀਆਂ ਵਿਕਲਾਂਗਤਾਵਾਂ ਦੀ ਗੰਭੀਰਤਾ ਵਿਚ ਵਾਧਾ ਹੋਣ ਦੀ ਸੰਭਾਵਨਾ ਹੈ, ਜੋ ਬ੍ਰਿਟਿਸ਼ ਕੋਲੰਬੀਆ ਦੇ ਲਈ ਆਪਣੇ ਪਹੁੰਚਯੋਗਤਾ ਦੇ ਕਾਨੂੰਨ ਨੂੰ ਵਿਕਸਿਤ ਕਰਨ ਦੀ ਜ਼ਰੂਰਤ ਨੂੰ ਦਰਸਾਉਂਦਾ ਹੈ। ਅਸੀਂ ਅਗਲੇ ਸਾਲ ਪ੍ਰਸਤਾਵਨਾ ਲਈ ਕਾਨੂੰਨ ਦੇ ਖਰੜੇ ਨੂੰ ਤਿਆਰ ਕਰਨ ਲਈ ਅੱਗੇ ਵਧਾਂਗੇ। ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਦੁਆਰਾ ਪ੍ਰਾਪਤ ਕੀਤੀ ਗਈ ਇੰਪੁੱਟ ਬੀ.ਸੀ. ਦੇ ਕਾਨੂੰਨ ਨੂੰ ਬਣਾਉਣ ਵਿਚ ਅਨਮੋਲ ਹੋਵੇਗੀ। ਇਹ ਹਾਲ ਹੀ ਵਿੱਚ ਪਾਸ ਕੀਤੇ ਐਕਸੈਸਿਬਲ ਕੈਨੇਡਾ ਐਕਟ ਦਾ ਪੂਰਕ ਵੀ ਹੋਵੇਗਾ।

ਦੁਬਾਰਾ, ਮੈਂ ਉਨ੍ਹਾਂ ਸਾਰਿਆਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਸਲਾਹ ਮਸ਼ਵਰੇ ਦੌਰਾਨ ਆਪਣੇ ਵਿਚਾਰ ਅਤੇ ਇਨਪੁਟ ਪ੍ਰਦਾਨ ਕੀਤੇ ਅਤੇ ਉਹ ਕਾਨੂੰਨ ਪੇਸ਼ ਕਰਨ ਦੀ ਉਮੀਦ ਕਰਦਾ ਹਾਂ ਜਿਸਤੇ ਅਸੀਂ ਸਾਰੇ ਮਾਣ ਕਰ ਸਕਦੇ ਹਾਂ।

ਸ਼ੇਨ ਸਿੰਪਸਨ
ਮਿਨਿਸਟਰ ਔਫ਼ ਸੋਸ਼ਲ ਡਿਵੈਲਪਮੈਂਟ ਐਂਡ ਪਾਵਰਟੀ ਰਿਡਕਸ਼ਨ

**ਸੰਖੇਪ ਰਿਪੋਰਟ**

**ਐਕਸੈਸਿਬਿਲਟੀ ਲੈਜਿਲੇਸ਼ਨ ਕਨਸਲਟੇਸ਼ਨ (ਪਹੁੰਚਯੋਗਤਾ ਦੇ ਕਾਨੂੰਨ ਬਾਰੇ ਸਲਾਹ-ਮਸ਼ਵਰਾ)**

## ਸਮੱਗਰੀ


ਭਾਗ 1 – ਭੂਮਿਕਾ....3
ਭਾਗ 1 – ਬ੍ਰਿਟਿਸ਼ ਕੋਲੰਬੀਅਨਾਂ ਨਾਲ ਜੁੜਨਾ....3
ਭਾਗੀਦਾਰੀ....3
ਐਕਸੈਸਿਬਿਲਟੀ ਲੈਜਿਲੇਸ਼ਨ ਕਨਸਲਟੇਸ਼ਨ ਐਡਵਾਈਜ਼ਰੀ ਕਮੇਟੀ (ਪਹੁੰਚਯੋਗਤਾ ਦੇ ਕਾਨੂੰਨ ਬਾਰੇ ਸਲਾਹ-ਮਸ਼ਵਰੇ ਦੀ ਸਲਾਹਕਾਰ ਕਮੇਟੀ)....4
ਭਾਗ 3 - ਮੁੱਖ ਵਿਸ਼ੇ....4
ਕਾਨੂੰਨ ਦੀ ਮਹੱਤਤਾ ਕਿਉਂ ਹੈ....4
ਰੁਕਾਵਟਾਂ ਨੂੰ ਤੋੜਨਾ....4
ਮਨੁੱਖੀ ਅਧਿਕਾਰਾਂ ਨੂੰ ਅੱਗੇ ਵਧਾਉਣਾ....5
ਨਿਰਪੱਖਤਾ ਅਤੇ ਸਮਾਨਤਾ ਨੂੰ ਵਧਾਵਾ ਦੇਣਾ....6
ਪਹੁੰਚਯੋਗਤਾ ਕਾਨੂੰਨ ਕਿਸ ਤਰ੍ਹਾਂ ਦਾ ਲਗ ਸਕਦਾ ਹੈ....7
ਮਿਆਰਾਂ ਦਾ ਵਿਕਾਸ....7
ਸ਼ਾਸਨ ਪ੍ਰਣਾਲੀ....9
ਪਾਲਣਾ, ਲਾਗੂ ਕਰਨਾ ਅਤੇ ਪ੍ਰੋਤਸਾਹਨ....10
ਸਭਿਆਚਾਰਕ ਤਬਦੀਲੀ....11
ਸਿੱਖਿਆ ਅਤੇ ਜਾਗਰੂਕਤਾ ਪੈਦਾ ਕਰਨਾ....11
ਸਮਾਵੇਸ਼ - ਪਹੁੰਚਯੋਗਤਾ ਤੋਂ ਪਰੇ....11
ਸਰਕਾਰ ਅਗਵਾਈ ਕਰ ਰਹੀ ਹੈ....12
ਸਾਰੇ ਅਧਿਕਾਰ ਖੇਤਰਾਂ ਵਿੱਚ ਇਕਸਾਰਤਾ....10
ਭਾਗ 4 ਅਗਲੇ ਪੜਾਅ/ਸਿੱਟਾ....13
ਅੰਤਿਕਾਵਾਂ
ਅੰਤਿਕਾ 1 - ਪਹੁੰਚਯੋਗਤਾ ਕਾਨੂੰਨ - ਔਨਲਾਈਨ ਪ੍ਰਸ਼ਨਾਵਲੀ....
ਅੰਤਿਕਾ 2 - ਪੇਸ਼ਕਸ਼ਾਂ ਦੀ ਸੂਚੀ....
ਅੰਤਿਕਾ 3 - ਸੰਸਥਾਵਾਂ ਅਤੇ ਸਥਾਨਕ ਸਰਕਾਰਾਂ ਜਿਨ੍ਹਾਂ ਨੂੰ ਸੁਤੰਤਰ ਕਮਿਊਨਿਟੀ ਸੰਵਾਦਾਂ ਦੀ ਮੇਜ਼ਬਾਨੀ ਲਈ ਫੰਡ ਪ੍ਰਾਪਤ ਹੋਏ....

# ਸੰਖੇਪ ਰਿਪੋਰਟ

# ਐਕਸੈਸਿਬਿਲਟੀ ਲੈਜਿਲੇਸ਼ਨ ਕਨਸਲਟੇਸ਼ਨ (ਪਹੁੰਚਯੋਗਤਾ ਦੇ ਕਾਨੂੰਨ ਬਾਰੇ ਸਲਾਹ-ਮਸ਼ਵਰਾ)

## ਭਾਗ 1 - ਭੂਮਿਕਾ

ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਨਵੇਂ ਪਹੁੰਚਯੋਗਤਾ ਅਤੇ ਸ਼ਮੂਲੀਅਤ ਕਾਨੂੰਨ ਨੂੰ ਵਿਕਸਤ ਕਰਨ ਲਈ ਵਚਨਬੱਧ ਹੈ ਜੋ ਉਨ੍ਹਾਂ ਰੁਕਾਵਟਾਂ ਨੂੰ ਪਛਾਣਨ, ਹਟਾਉਣ ਅਤੇ ਰੋਕਣ ਲਈ ਕੰਮ ਕਰੇਗਾ ਜੋ ਉਨ੍ਹਾਂ ਦੇ ਭਾਈਚਾਰਿਆਂ ਦੇ ਵਿਕਲਾਂਗ ਲੋਕਾਂ ਦੀ ਪੂਰੀ ਭਾਗੀਦਾਰੀ ਵਿੱਚ ਰੁਕਾਵਟ ਪਾਂਦੇ ਹਨ। ਪ੍ਰਸਤਾਵਿਤ ਵਿਧਾਨਾਂ ਦੇ ਵਿਕਾਸ ਬਾਰੇ ਸੂਬਾ ਪੱਧਰੀ ਜਨਤਕ ਸਲਾਹ-ਮਸ਼ਵਰੇ 16 ਸਤੰਬਰ ਤੋਂ 29 ਨਵੰਬਰ, 2019 ਵਿਚਕਾਰ ਹੋਏ।

ਪਹੁੰਚਯੋਗਤਾ ਕਾਨੂੰਨ ਲਈ ਬ੍ਰਿਟਿਸ਼ ਕੋਲੰਬੀਆ ਫਰੇਮਵਰਕ ਨੇ ਇਹਨਾਂ ਜਨਤਕ ਸਲਾਹ-ਮਸ਼ਵਰਿਆਂ ਲਈ ਮਾਰਗ ਦਰਸ਼ਕ ਦਸਤਾਵੇਜ਼ ਵਜੋਂ ਕੰਮ ਕੀਤਾ। ਇਹ ਫਰੇਮਵਰਕ ਅਪਾਹਜ ਵਿਅਕਤੀਆਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੀ ਮਰਿਆਦਾ (ਯੂਐਨਸੀਆਰਪੀਡੀ) ਅਤੇ ਮੂਲ-ਨਿਵਾਸੀ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੇ ਐਲਾਨਨਾਮੇ ਦੇ ਸਿਧਾਂਤ (ਯੂਐਨਡੀਆਰਆਈਪੀ) ਦੇ ਸਿਧਾਂਤਾਂ ਦੁਆਰਾ ਸੂਚਿਤ ਇਕ ਵਿਧਾਇਕ ਨਮੂਨੇ ਦਾ ਪ੍ਰਸਤਾਵ ਕਰਦਾ ਹੈ ਅਤੇ ਇਹ ਐਕਸੈਸਿਬਲ ਕੈਨੇਡਾ ਐਕਟ (ਏਸੀਏ) ਦਾ ਅਨੁਪਾਲਨ ਕਰਦਾ ਹੈ। ਇਸ ਤੋਂ ਇਲਾਵਾ, ਫਰੇਮਵਰਕ ਸ਼ਮੂਲੀਅਤ, ਅਨੁਕੂਲਤਾ, ਵਿਭਿੰਨਤਾ, ਸਹਿਕਾਰਤਾ ਅਤੇ ਸਵੈ-ਨਿਰਣੇ ਦੇ ਸਿਧਾਂਤਾਂ ਦੇ ਅਧਾਰ ਤੇ ਕਾਨੂੰਨਾਂ ਦੀ ਮਹੱਤਤਾ ਨੂੰ ਪਛਾਣਦਾ ਹੈ।

ਪ੍ਰਸਤਾਵਿਤ ਕਾਨੂੰਨ, ਪਹੁੰਚਯੋਗਤਾ ਦੇ ਮਿਆਰਾਂ ਦੇ ਵਿਕਾਸ, ਅਮਲ ਕਰਨ ਅਤੇ ਲਾਗੂ ਕਰਨ ਲਈ ਸੇਧ ਦੇਣਗੇ ਅਤੇ ਅਪਾਹਜ ਲੋਕਾਂ ਦੀ ਮੁਹਾਰਤ ਅਤੇ ਤਜ਼ਰਬੇ ਵੱਲ ਧਿਆਨ ਦੇਣਗੇ। ਪਹੁੰਚਯੋਗਤਾ ਦੇ ਮਾਪਦੰਡ ਕਈ ਤਰ੍ਹਾਂ ਦੇ ਖੇਤਰਾਂ ਨੂੰ ਸ਼ਾਮਲ ਕਰ ਸਕਦੇ ਹਨ ਜਿਵੇਂ ਸਰਵਿਸ ਡਿਲੀਵਰੀ, ਸਿੱਖਿਆ, ਰੁਜ਼ਗਾਰ, ਰਿਹਾਇਸ਼ ਅਤੇ ਨਿਰਮਿਤ ਵਾਤਾਵਰਣ, ਜਾਣਕਾਰੀ ਅਤੇ ਸੰਚਾਰ ਅਤੇ ਆਵਾਜਾਈ ਅਤੇ ਪ੍ਰੋਤਸਾਹਨ, ਪਾਲਣਾ ਅਤੇ ਲਾਗੂ ਕਰਨ ਵਾਲੇ ਸਾਧਨਾਂ ਦੇ ਢੁਕਵੇਂ ਮਿਸ਼ਰਣ 'ਤੇ ਨਿਰਭਰ ਕਰੇਗਾ।

ਨਾਗਰਿਕਾਂ ਨੂੰ ਕਾਨੂੰਨ, ਸਿਧਾਂਤਾਂ ਅਤੇ ਸ਼ਾਸਨ ਦੇ ਢਾਂਚਿਆਂ ਨੂੰ ਇਹ ਸੁਨਿਸ਼ਚਿਤ ਕਰਨ ਲਈ ਕਿ ਉਹ ਕਾਨੂੰਨ ਦੇ ਉਦੇਸ਼ਾਂ ਨੂੰ ਪੂਰਾ ਕਰਦਾ ਹੈ, ਉਸਦੇ ਪ੍ਰਸਤਾਵਿਤ ਮਾਡਲ ਅਤੇ ਕਾਰਜ ਖੇਤਰ ਬਾਰੇ ਟਿੱਪਣੀ ਕਰਨ ਲਈ ਕਿਹਾ ਗਿਆ ਸੀ।

ਇਹ ਰਿਪੋਰਟ ਕਮਿਊਨਿਟੀ ਮੀਟਿੰਗਾਂ, ਸੁਤੰਤਰ ਕਮਿਊਨਿਟੀ ਗੱਲਬਾਤਾਂ, ਇੱਕ ਵਰਚੁਅਲ ਟਾਉਨਹਾਲ, ਔਨਲਾਈਨ ਪ੍ਰਸ਼ਨਾਵਲੀ, ਫੋਨ ਕਾਲਾਂ ਅਤੇ ਈ-ਮੇਲਾਂ ਦੁਆਰਾ ਪ੍ਰਾਪਤ ਕੀਤੀ ਗਈ ਫੀਡਬੈਕ ਦਾ ਸਾਰ ਦਿੰਦੀ ਹੈ।
ਔਨਲਾਈਨ ਪ੍ਰਸ਼ਨਾਵਲੀ ਦੀ ਇੱਕ ਕਾਪੀ ਅੰਤਿਕਾ 1 ਦੇ ਤੌਰ ਤੇ ਨੱਥੀ ਕੀਤੀ ਗਈ ਹੈ।

## ਭਾਗ 2 - ਬ੍ਰਿਟਿਸ਼ ਕੋਲੰਬੀਆ ਨਾਲ ਜੁੜਨਾ

### ਭਾਗੀਦਾਰੀ

ਹਜ਼ਾਰਾਂ ਬ੍ਰਿਟਿਸ਼ ਕੋਲੰਬੀਅਨਾਂ ਨੇ ਅਪਣੇ ਵਿਚਾਰਾਂ, ਨਿੱਜੀ ਤਜ਼ਰਬਿਆਂ, ਵਿਕਲਾਂਗਤਾਵਾਂ ਨਾਲ ਜਿਉਣ ਵਾਲੇ ਸੰਘਰਸ਼ਾਂ ਅਤੇ ਸਫਲਤਾਵਾਂ ਦੀਆਂ ਕਹਾਣੀਆਂ ਅਤੇ ਪਹੁੰਚ ਅਤੇ ਸਮਾਵੇਸ਼ ਦੀਆਂ ਰੁਕਾਵਟਾਂ ਨੂੰ ਨੇਵੀਗੇਟ ਕਰਨਾ ਸਾਂਝਾ ਕੀਤਾ। ਵਿਕਲਾਂਗਤਾਵਾਂ ਵਾਲੇ ਵਿਅਕਤੀਆਂ ਦੇ ਪਰਿਵਾਰਕ ਮੈਂਬਰਾਂ ਅਤੇ ਸਮਰਥਕਾਂ ਨੇ ਇੱਕ ਬਿਹਤਰ ਬੀ.ਸੀ. ਲਈ ਆਪਣੇ ਵਿਚਾਰ ਅਤੇ ਯੋਜਨਾਵਾਂ ਸਾਂਝੀਆਂ ਕੀਤੀਆਂ।

ਫੀਡਬੈਕ ਸਾਰੇ ਪ੍ਰਾਂਤ ਅਤੇ ਸਾਰੀ ਉਮਰਾਂ ਦੇ ਲੋਕਾਂ ਤੋਂ ਆਈ। ਕੁੱਲ ਮਿਲਾ ਕੇ, 16 ਸਤੰਬਰ ਤੋਂ 29 ਨਵੰਬਰ, 2019 ਦੇ ਵਿਚਕਾਰ ਐਕਸੈਸਿਬਿਲਟੀ ਥਰੂ ਲੈਜਿਸਲੇਸ਼ਨ (Accessibility through Legislation) ਵੈਬਸਾਈਟ 'ਤੇ 23,700 ਤੋਂ ਵੱਧ ਵਿਜ਼ਿਟਜ਼ ਹੋਈਆਂ ਸਨ।

## ਸੰਖੇਪ ਰਿਪੋਰਟ

## ਐਕਸੈਸਿਬਿਲਟੀ ਲੈਜਿਲੇਸ਼ਨ ਕਨਸਲਟੇਸ਼ਨ (ਪਹੁੰਚਯੋਗਤਾ ਦੇ ਕਾਨੂੰਨ ਬਾਰੇ ਸਲਾਹ-ਮਸ਼ਵਰਾ)

- ਪ੍ਰਿੰਸ ਜੌਰਜ, ਫੋਰਟ ਸੇਂਟ ਜੌਨ, ਟੈਰੇਸ, ਕਾਮਲੂਪਸ, ਪੈਂਟਿਕਟਨ, ਨੈਲਸਨ, ਕੋਮੌਕਸ, ਸਰੀ, ਵੈਨਕੂਵਰ ਅਤੇ ਵਿਕਟੋਰੀਆ ਵਿੱਚ ਹੋਈਆਂ 10 ਖੇਤਰੀ ਕਮਿਊਨਿਟੀ ਮੀਟਿੰਗਾਂ ਵਿੱਚ ਲਗਭਗ 500 ਲੋਕ ਸ਼ਾਮਲ ਹੋਏ।
- 6,352 ਵਿਅਕਤੀਆਂ ਨੇ ਔਨਲਾਈਨ ਪ੍ਰਸ਼ਨਾਵਲੀ ਨੂੰ ਭਰਿਆ ਜਿਸ ਵਿੱਚੋਂ 3,776 ਨੇ ਕੋਈ ਵਿਕਲਾਂਗਤਾ ਹੋਣ ਦੀ ਪਛਾਣ ਕੀਤੀ
- ਵਰਚੁਅਲ ਟਾਉਨ ਹਾਲ ਵਿੱਚ 57 ਵਿਅਕਤੀ ਸ਼ਾਮਲ ਹੋਏ
- 765 ਈਮੇਲਾਂ ਅਤੇ ਏਐਸਐਲ ਵੀਡੀਓ ਟਿੱਪਣੀਆਂ ਨੂੰ engageaccessibility@gov.bc.ca ਨੂੰ ਭੇਜਿਆ ਗਿਆ ਸੀ
- 37 ਲੋਕਾਂ ਨੇ ਮੰਤਰਾਲੇ ਦੇ ਟੋਲ-ਫ੍ਰੀ ਟੈਲੀਫੋਨ ਨੰਬਰ ਤੇ ਕਾਲ ਕੀਤੀ
- ਪੂਰੇ ਸੂਬੇ ਵਿਚ 75 ਸੁਤੰਤਰ ਕਮਿਊਨਿਟੀ ਗੱਲਬਾਤਾਂ ਦਾ ਸਮਰਥਨ ਕੀਤਾ ਗਿਆ ਸੀ

### ਐਕਸੈਸਿਬਿਲਟੀ ਲੈਜਿਲੇਸ਼ਨ ਕਨਸਲਟੇਸ਼ਨ ਐਡਵਾਈਜ਼ਰੀ ਕਮੇਟੀ (ਪਹੁੰਚਯੋਗਤਾ ਦੇ ਕਾਨੂੰਨ ਬਾਰੇ ਸਲਾਹ-ਮਸ਼ਵਰੇ ਦੀ ਸਲਾਹਕਾਰ ਕਮੇਟੀ)

ਇਸ ਕੰਮ ਦਾ ਸਮਰਥਨ ਕਰਨ ਲਈ, ਮਿਨਿਸਟਰੀ ਔਫ਼ ਸੋਸ਼ਲ ਡਿਵੈਲਪਮੈਂਟ ਐਂਡ ਪਾਵਰਟੀ ਰਿਡਕਸ਼ਨ ਨੇ ਐਕਸੈਸਿਬਿਲਟੀ ਲੈਜਿਲੇਸ਼ਨ ਕਨਸਲਟੇਸ਼ਨ ਐਡਵਾਈਜ਼ਰੀ ਕਮੇਟੀ ਤੋਂ ਸਲਾਹ ਵੀ ਮੰਗੀ। ਇਹ 14 ਮੈਂਬਰੀ ਕਮੇਟੀ ਬੈਰੀਅਰ ਫ੍ਰੀ ਬੀ.ਸੀ. (Barrier Free B.C.), ਬੀ.ਸੀ. ਦੇ ਪ੍ਰਤੀਨਿਧੀਆਂ ਨਾਲ ਬਣਾਈ ਗਈ ਸੀ। ਐਬਓਰਿਜਨਲ ਨੈੱਟਵਰਕ ਔਨ ਡਿਸਅਬਿਲਿਟੀ ਸੋਸਾਇਟੀ, ਬੀ.ਸੀ. (Aboriginal Network on Disability Society, B.C.) ਚੈਂਬਰ ਔਫ਼ ਕੌਮਰਸ, ਬੀ.ਸੀ. (Chamber of Commerce, B.C.) ਫੈਡਰੇਸ਼ਨ ਔਫ਼ ਲੇਬਰ, ਬੀ.ਸੀ. (Federation of Labour, B.C.) ਨੇਟਿਵ ਵੂਮੈਨਜ਼ ਐਸੋਸੀਏਸ਼ਨ, ਕੈਨੇਡੀਅਨ ਮੈਂਟਲ ਹੈਲਥ ਐਸੋਸੀਏਸ਼ਨ - ਬੀ.ਸੀ. (Native Women's Association, Canadian Mental Health Association – B.C.) ਚੈਪਟਰ, ਕਮਿਊਨੀਕੇਸ਼ਨ ਅਸਿਸਟੈਂਸ ਫੌਰ ਯੂਥ ਐਂਡ ਐਡਲਟਸ (Chapter, Communication Assistance for Youth and Adults), ਕਾਊਂਸਲ ਔਫ਼ ਸੀਨੀਅਰ ਸਿਟਿਜ਼ਨਜ਼ ਔਰਗਨਾਈਜ਼ੇਸ਼ਨਜ਼ ਔਫ਼ ਬੀ.ਸੀ. (Council of Senior Citizens' Organizations of B.C.), ਡਿਸਅਬਿਲਿਟੀ ਅਲਾਏਂਸ ਔਫ਼ ਬੀ.ਸੀ. (Disability Alliance of B.C.), ਗ੍ਰੇਟਰ ਵੈਨਕੂਵਰ ਐਸੋਸੀਏਸ਼ਨ ਔਫ਼ ਦ ਡੈਫ (Greater Vancouver Association of the Deaf), ਇਨਕਲੂਜ਼ਨ ਬੀ.ਸੀ. (Inclusion BC), ਪ੍ਰੈਜ਼ੀਡੈਂਟਸ ਗਰੁੱਪ (Presidents Group), ਰਿਕ ਹੈਨਸਨ ਫਾਊਂਡੇਸ਼ਨ (Rick Hansen Foundation), ਸਪਾਈਨਲ ਕੌਰਡ ਇੰਜਰੀ ਬੀ.ਸੀ. (Spinal Cord Injury B.C.), ਯੂਨੀਅਨ ਔਫ਼ ਬੀ.ਸੀ. ਮਿਊਨਿਸਿਪੈਲਟੀਜ਼ (Union of B.C. Municipalities)। ਕਮੇਟੀ ਨੇ ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਦੌਰਾਨ ਅਗਵਾਈ ਅਤੇ ਮਾਰਗਦਰਸ਼ਨ ਪ੍ਰਦਾਨ ਕਰਨ ਵਿਚ ਸਹਾਇਤਾ ਕੀਤੀ। ਇਨ੍ਹਾਂ ਸੰਸਥਾਵਾਂ ਨੇ ਇਹ ਸੁਨਿਸ਼ਚਿਤ ਕਰਨ ਲਈ ਸਲਾਹ ਦਿੱਤੀ ਕਿ ਇਸ ਪ੍ਰਕਿਰਿਆ ਦੌਰਾਨ ਜਿੰਨੇ ਵੱਧ ਸੰਭਵ ਹੋਣ ਬ੍ਰਿਟਿਸ਼ ਕੋਲੰਬੀਅਨਾਂ ਦੀਆਂ ਆਵਾਜ਼ਾਂ ਸੁਣੀਆਂ ਗਈਆਂ ਹੋਣ।

## ਭਾਗ 3 - ਮੁੱਖ ਵਿਸ਼ੇ

### ਕਾਨੂੰਨ ਦੀ ਮਹੱਤਤਾ ਕਿਉਂ ਹੈ

### ਰੁਕਾਵਟਾਂ ਨੂੰ ਤੋੜਨਾ

ਸਲਾਹ-ਮਸ਼ਵਰੇ ਦੌਰਾਨ, ਲੋਕਾਂ ਨੇ ਉਨ੍ਹਾਂ ਚੁਣੌਤੀਆਂ ਅਤੇ ਉਨ੍ਹਾਂ ਰੁਕਾਵਟਾਂ ਬਾਰੇ ਕਹਾਣੀਆਂ ਸਾਂਝੀਆਂ ਕੀਤੀਆਂ ਜਿਨਾਂ ਦਾ ਉਨ੍ਹਾਂ ਨੇ ਹਰ ਦਿਨ ਸਾਹਮਣਾ ਕੀਤਾ ਜਿਸ ਵਿੱਚ ਸਰੀਰਕ, ਸਮਾਜਕ, ਵਾਤਾਵਰਣਕ, ਵਿਹਾਰਕ, ਵਿੱਤੀ ਅਤੇ ਸੰਚਾਰ ਅਤੇ ਜਾਣਕਾਰੀ ਸਬੰਧੀ ਸ਼ਾਮਲ ਹਨ। ਲੋਕ ਸਪੱਸ਼ਟ ਸਨ ਕਿ ਇੱਥੇ ਅਨੇਕਾਂ ਕਿਸਮਾਂ ਦੀਆਂ ਵਿਕਲਾਂਗਤਾਵਾਂ ਹਨ ਅਤੇ ਇਹ ਹੈ ਕਿ "ਵਿਕਲਾਂਗਤਾ" ਦੀ ਪਰਿਭਾਸ਼ਾ ਨੂੰ ਵਿਆਪਕ ਅਤੇ ਸੰਮਿਲਿਤ ਬਣਾਉਣ ਦੀ ਜ਼ਰੂਰਤ ਹੈ ਅਤੇ ਲੋਕਾਂ ਦੁਆਰਾ ਅਨੁਭਵ ਕੀਤੀਆਂ ਜਾਣ ਵਾਲੀਆਂ ਵਿਕਲਾਂਗਤਾਵਾਂ ਦੀ ਪੂਰੀ ਰੇਂਜ ਤੇ ਵਿਚਾਰ ਕਰਨਾ ਚਾਹੀਦਾ ਹੈ - ਭਾਵੇਂ ਉਹ ਥੋੜ੍ਹੇ ਸਮੇਂ ਦੀ, ਐਪੀਸੋਡਿਕ ਜਾਂ ਪੁਰਾਣੀ ਹੈ। ਅਦਿੱਖ ਵਿਕਲਾਂਗਤਾਵਾਂ ਵਾਲੇ ਵਿਅਕਤੀਆਂ ਜਿਹਨਾਂ ਵਿੱਚ ਦਿਮਾਗ ਦੀਆਂ ਸੱਟਾਂ ਵਾਲੇ ਲੋਕ, ਸਿਖਲਾਈ

## ਸੰਖੇਪ ਰਿਪੋਰਟ

## ਐਕਸੈਸਿਬਿਲਟੀ ਲੈਜਿਲੇਸ਼ਨ ਕਨਸਲਟੇਸ਼ਨ (ਪਹੁੰਚਯੋਗਤਾ ਦੇ ਕਾਨੂੰਨ ਬਾਰੇ ਸਲਾਹ-ਮਸ਼ਵਰਾ)

ਅਯੋਗਤਾ ਵਾਲੇ ਲੋਕ, ਔਟਿਜ਼ਮ ਸਪੈਕਟ੍ਰਮ 'ਤੇ ਮੌਜੂਦ ਲੋਕਾਂ ਨੇ ਉਹਨਾਂ ਦੀ ਪਹੁੰਚਯੋਗਤਾ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਆਉਣ ਵਾਲੀਆਂ ਚੁਣੌਤੀਆਂ ਦਾ ਪ੍ਰਗਟਾਵਾ ਕੀਤਾ।

ਸਰਵੇਖਣ ਦੇ 60% ਤੋਂ ਵੱਧ ਉੱਤਰ ਦੇਣ ਵਾਲਿਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਆਪਣੀ ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਪਹੁੰਚਯੋਗਤਾ ਅਤੇ ਸ਼ਮੂਲੀਅਤ ਵਿੱਚ ਰੁਕਾਵਟਾਂ ਦਾ ਸਾਹਮਣਾ ਕਰਨਾ ਪਿਆ। ਪਹੁੰਚਯੋਗਤਾ ਦੀਆਂ ਰੁਕਾਵਟਾਂ ਨੇ ਅਕਸਰ ਵਿਕਲਾਂਗਤਾਵਾਂ ਵਾਲੇ ਲੋਕਾਂ ਦਾ ਕਮਿਊਨਿਟੀਆਂ ਵਿੱਚ ਪੂਰਨ ਭਾਗੀਦਾਰ ਬਣਨ ਦੀ ਯੋਗਤਾ ਉੱਤੇ ਗਹਿਰਾ ਅਸਰ ਪਾਇਆ। ਅਸੀਂ ਵਿਕਲਾਂਗਤਾਵਾਂ ਵਾਲੇ ਸਾਰੇ ਲੋਕਾਂ ਦੀ ਪੂਰੀ ਅਤੇ ਬਰਾਬਰ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਮਹੱਤਵਪੂਰਣ ਟੀਚੇ ਦੇ ਨਾਲ ਰੁਕਾਵਟਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਦੂਰ ਕਰਨ ਵਿਚ ਸਹਾਇਤਾ ਲਈ ਤਿਆਰ ਕੀਤੇ ਗਏ ਕਾਨੂੰਨਾਂ ਦੀ ਮਹੱਤਤਾ ਬਾਰੇ ਸੁਣਿਆ।

ਲੋਕਾਂ ਨੇ ਹਰ ਕਿਸੇ ਲਈ ਵਧੇਰੇ ਪਹੁੰਚਯੋਗ ਕਮਿਊਨਿਟੀ ਬਣਾਉਣ ਦੇ ਸਕਾਰਾਤਮਕ ਲਾਭਾਂ ਬਾਰੇ ਦੱਸਿਆ ਜਿਸ ਵਿੱਚ ਸਟਰੌਲਰਾਂ, ਬੱਚਿਆਂ ਵਾਲੇ ਲੋਕ ਅਤੇ ਬਜ਼ੁਰਗ ਸ਼ਾਮਲ ਹਨ। ਰੁਕਾਵਟਾਂ ਨੂੰ ਦੂਰ ਕਰਨ ਅਤੇ ਸਾਰਿਆਂ ਲਈ ਪਹੁੰਚਯੋਗਤਾ ਪੈਦਾ ਕਰਨ ਵਾਲੇ ਸੰਮਲਿਤ ਬੀ.ਸੀ. ਨੂੰ ਬਣਾਉਣ ਨੂੰ ਇੱਕ ਮਹੱਤਵਪੂਰਣ ਟੀਚੇ ਵਜੋਂ ਜ਼ੋਰ ਦਿੱਤਾ ਗਿਆ ਸੀ।

> *"ਮੇਰੀਆਂ ਅਦਿੱਖ ਵਿਕਲਾਂਗਤਾਵਾਂ ਹਨ। ਮੇਰੇ ਦੁਆਰਾ ਕੀਤੀ ਹਰ ਚੀਜ਼ ਵਿੱਚ ਇੱਕ ਰੁਕਾਵਟ ਹੈ ਪਰ ਕਿਉਂਕਿ ਕੋਈ ਵੀ ਮੇਰੀ ਵਿਕਲਾਂਗਤਾ ਨੂੰ ਦੇਖ ਨਹੀਂ ਸਕਦਾ, ਸੁਵਿਧਾਵਾਂ ਨੂੰ ਪ੍ਰਾਪਤ ਕਰਨਾ ਮੁਸ਼ਕਲ ਹੈ।"*

> *"ਮੈਂ ਵੇਖਣਾ ਚਾਹਾਂਗਾ ਕਿ ਇਹ ਸਰਕਾਰ ਉਨ੍ਹਾਂ ਨੌਜਵਾਨਾਂ ਵਿਚ ਇਕ ਸਭਿਆਚਾਰਕ ਤਬਦੀਲੀ ਦੀ ਸ਼ੁਰੂਆਤ ਕਰਦੀ ਹੈ ਜੋ ਹੁਣ ਸਕੂਲ ਵਿਚ ਛੁਪੀਆਂ ਹੋਈਆਂ ਵਿਕਲਾਂਗਤਾਵਾਂ ਜਿਵੇਂ ਕਿ ਏਡੀਐਚਡੀ (ADHD), ਚਿੰਤਾ (ਐਂਗਜ਼ਾਇਟੀ) ਅਤੇ ਆਟੋ ਇਮਿਊਨ ਵਿਕਾਰਾਂ ਜਿਹੇ ਕਿਸੇ ਪ੍ਰਕਾਰ ਦੀ ਸਰੀਰਕ ਵਿਕਲਾਂਗਤਾ ਦੇ ਆਸ-ਪਾਸ ਹਨ। ਇੱਕ ਸਭਿਆਚਾਰ ਦੇ ਰੂਪ ਵਿੱਚ, ਸਾਡੀ ਗੱਲਬਾਤ ਇਸ ਗੱਲ ਤੇ ਕੇਂਦ੍ਰਿਤ ਹੈ ਕਿ ਕਿਸੇ ਦੀਆਂ ਸਰੀਰਕ ਚੁਣੌਤੀਆਂ ਕੀ ਹਨ (ਅਰਥਾਤ ਇੱਕ ਐਕਸੈਸ ਰੈਂਪ ਦੀ ਜ਼ਰੂਰਤ ਹੋਣਾ) ਪਰ ਇੱਥੇ ਨਿਊਰੋਡਾਇਵਰਸਿਟੀ (ਜਿਵੇਂ ਕਿ ਸ਼ਾਂਤ ਕੰਮ ਕਰਨ ਵਾਲੀਆਂ ਥਾਂਵਾਂ ਹੋਣਾ) ਨੂੰ ਅਨੁਕੂਲ ਕਰਨ ਦੀ ਵੱਧਦੀ ਜ਼ਰੂਰਤ ਹੈ।"*

### ਮਨੁੱਖੀ ਅਧਿਕਾਰਾਂ ਨੂੰ ਅੱਗੇ ਵਧਾਉਣਾ

ਲੋਕਾਂ ਨੇ ਬ੍ਰਿਟਿਸ਼ ਕੋਲੰਬੀਅਨਾਂ ਦੇ ਮਨੁੱਖੀ ਅਧਿਕਾਰਾਂ ਦੀ ਉਸਾਰੀ ਲਈ ਕਾਨੂੰਨ ਦੀ ਮਹੱਤਤਾ ਸਾਂਝੀ ਕੀਤੀ ਤਾਂ ਜੋ ਵਿਅਕਤੀ ਦੇ ਮੂਲਭੂਤ ਗੌਰਵ ਦੇ ਸਤਿਕਾਰ ਨੂੰ ਯਕੀਨੀ ਬਣਾਇਆ ਜਾ ਸਕੇ। ਭਾਗੀਦਾਰ ਸਪੱਸ਼ਟ ਸਨ ਕਿ ਨਵੇਂ ਕਾਨੂੰਨਾਂ ਲਈ, UNCRPD ਵਿੱਚ ਦਰਸਾਏ ਵਾਅਦੇ, "ਸਾਡੇ ਬਾਰੇ ਕੁਝ ਨਹੀਂ, ਸਾਡੇ ਬਗੈਰ ਕੁਝ ਨਹੀਂ" ਨੂੰ ਦਰਸਾਉਣਾ ਅਤੇ ਵਿਕਲਾਂਗਤਾਵਾਂ ਵਾਲੇ ਲੋਕਾਂ ਦੇ ਅਧਿਕਾਰਾਂ ਨੂੰ ਅੱਗੇ ਵਧਾਉਣਾ ਮਹੱਤਵਪੂਰਨ ਹੈ। ਭਾਗੀਦਾਰਾਂ ਨੇ ਇੱਕ ਵਿਸਤ੍ਰਿਤ ਅਤੇ ਵਿਆਪਕ ਪਹੁੰਚ ਅਪਣਾਉਣ ਦੀ ਮਹੱਤਤਾ ਤੇ ਵੀ ਚਾਨਣਾ ਪਾਇਆ - ਉਹ ਜੋ ਵਿਅਕਤੀਗਤ ਜ਼ਰੂਰਤਾਂ ਨੂੰ ਪਛਾਣਦਾ ਹੈ ਅਤੇ ਇਸਦਾ ਜਵਾਬ ਦਿੰਦਾ ਹੈ ਅਤੇ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦਾ ਹੈ ਕਿ ਲੋੜੀਂਦੇ ਸਾਧਨ ਉਪਲਬਧ ਹਨ। ਵਿਅਕਤੀਗਤ ਸ਼ਿਕਾਇਤਾਂ ਦੇ ਜਵਾਬ ਵਿਚ ਰੁਕਾਵਟਾਂ ਨੂੰ ਦੂਰ ਕਰਨ ਦੀ ਬਜਾਏ ਇੱਕ ਪ੍ਰਣਾਲੀਗਤ ਤਰੀਕੇ ਨਾਲ ਰੁਕਾਵਟਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਦੂਰ ਕਰਨ ਵਿਚ ਕਾਨੂੰਨ ਦੀ ਮਹੱਤਤਾ ਨੂੰ ਵੀ ਹਿੱਸਾ ਲੈਣ ਵਾਲਿਆਂ ਦੁਆਰਾ ਇਕ ਮੁੱਖ ਤਰਜੀਹ ਵਜੋਂ ਪਛਾਣਿਆ ਗਿਆ।

> *"ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਬਾਰੇ ਵਿਸ਼ਵਵਿਆਪੀ ਘੋਸ਼ਣਾ (United Nations Universal Declaration of Human Rights) ਨੂੰ ਕਾਨੂੰਨ ਦੇ ਅਤਿ ਮਹੱਤਵਪੂਰਨ ਭਾਗਾਂ ਵਿੱਚੋਂ ਇੱਕ ਵਜੋਂ ਸ਼ਾਮਲ ਕੀਤਾ ਜਾਣਾ [ਚਾਹੀਦਾ] ਹੈ।"*

# ਸੰਖੇਪ ਰਿਪੋਰਟ

# ਐਕਸੈਸਿਬਿਲਟੀ ਲੈਜਿਲੇਸ਼ਨ ਕਨਸਲਟੇਸ਼ਨ (ਪਹੁੰਚਯੋਗਤਾ ਦੇ ਕਾਨੂੰਨ ਬਾਰੇ ਸਲਾਹ-ਮਸ਼ਵਰਾ)

> *"ਇਕ ਅਜਿਹੀ ਜਗ੍ਹਾ ਵੀ ਹੋਣੀ ਚਾਹੀਦੀ ਹੈ ਜਿੱਥੇ ਉਹ ਵਿਕਲਾਂਗ ਲੋਕ ਜੋ ਕੰਮ ਵਾਲੀ ਥਾਂ ਵਿਚ ਵਿਤਕਰੇ ਦਾ ਸਾਹਮਣਾ ਕਰ ਰਹੇ ਹਨ, ਮਦਦ ਅਤੇ ਸੇਧ ਪ੍ਰਾਪਤ ਕਰ ਸਕਦੇ ਹਨ..."*

## ਨਿਰਪੱਖਤਾ ਅਤੇ ਸਮਾਨਤਾ ਨੂੰ ਵਧਾਵਾ ਦੇਣਾ

ਵਿਕਲਾਂਗਤਾਵਾਂ ਵਾਲੇ ਲੋਕ ਆਪਣੇ ਤਜ਼ਰਬਿਆਂ, ਪਿਛੋਕੜ ਅਤੇ ਲੋੜਾਂ ਦੇ ਅਨੁਸਾਰ ਵਿਵਿਧ ਹੁੰਦੇ ਹਨ। ਮਿਆਰਾਂ ਨੂੰ ਵਿਕਸਿਤ ਕਰਨ ਵਿੱਚ ਲੋਕਾਂ ਦੇ ਤਜ਼ਰਬਿਆਂ ਦੀ ਵਿਭਿੰਨਤਾ ਅਤੇ ਵਿਕਲਾਂਗਤਾਵਾਂ ਵਾਲੇ ਲੋਕਾਂ ਦੁਆਰਾ ਅੱਗੇ ਲਿਆਂਦੀ ਗਈ ਮਹਾਰਤ ਦੀ ਮਹੱਤਤਾ ਦੇ ਵਿਚਾਰ ਦੇ ਸਲਾਹ-ਮਸ਼ਵਰੇ ਦੌਰਾਨ ਕਈ ਲੋਕਾਂ ਦੁਆਰਾ ਉਜਾਗਰ ਕੀਤਾ ਗਿਆ। ਲੋਕਾਂ ਨੇ ਪ੍ਰਗਟ ਕੀਤਾ ਕਿ ਬਰਾਬਰਤਾ ਅਤੇ ਮੌਕਿਆਂ ਤੱਕ ਬਰਾਬਰ ਪਹੁੰਚ ਪਹੁੰਚਯੋਗਤਾ ਦਾ ਇੱਕ ਪ੍ਰਮੁੱਖ ਹਿੱਸਾ ਅਤੇ ਸ਼ਮੂਲੀਅਤ ਦਾ ਇੱਕ ਮੁਢਲਾ ਹਿੱਸਾ ਹੈ।

ਕਮਿਊਨਿਟੀ ਸਮਾਗਮਾਂ ਦੇ ਜ਼ਰੀਏ, ਭਾਗੀਦਾਰਾਂ ਨੇ ਇਹ ਸੁਨਿਸ਼ਚਿਤ ਕਰਨ ਦੀ ਮਹੱਤਤਾ ਬਾਰੇ ਵੀ ਗੱਲ ਕੀਤੀ ਕਿ ਭੂਗੋਲਿਕ ਵਖਰੇਵਿਆਂ ਤੇ ਸਾਧਨਾਂ ਤੱਕ ਉਚਿਤ ਪਹੁੰਚ ਸਮੇਤ ਵਿਚਾਰ ਕੀਤਾ ਜਾਂਦਾ ਹੈ। ਵਰਚੁਅਲ ਟਾਉਨਹਾਲ ਵਿਚ ਹਿੱਸਾ ਲੈਣ ਵਾਲਿਆਂ ਨੇ ਦੱਸਿਆ ਕਿ ਪਹੁੰਚਯੋਗਤਾ ਕਾਨੂੰਨ ਨੂੰ ਵਿਕਸਤ ਕਰਨ ਵਿੱਚ ਵਿਕਲਾਂਗਤਾਵਾਂ ਵਾਲੇ ਲੋਕਾਂ ਦੀ ਭਿੰਨਤਾ ਦੇ ਨਾਲ ਨਾਲ ਤਜ਼ਰਬਿਆਂ ਦੀ ਇਕਸੁਰਤਾ ਨੂੰ ਵਿਚਾਰਨ ਦੀ ਜ਼ਰੂਰਤ ਹੈ। ਭਾਗੀਦਾਰਾਂ ਨੇ ਨੋਟ ਕੀਤਾ ਕਿ ਵਿਕਲਾਂਗਤਾਵਾਂ ਵਾਲੇ ਲੋਕ ਪਿਛੋਕੜ ਅਤੇ ਤਜ਼ਰਬਿਆਂ ਦੀ ਇੱਕ ਵਿਆਪਕ ਲੜੀ ਤੋਂ ਆਉਂਦੇ ਹਨ ਅਤੇ ਇਹ ਉਨ੍ਹਾਂ ਦੀ ਮੌਕਿਆਂ ਤੱਕ ਪਹੁੰਚ ਦੇ ਮਾਮਲੇ ਵਿੱਚ ਭੂਮਿਕਾ ਨਿਭਾ ਸਕਦਾ ਹੈ। ਉਹਨਾਂ ਵਿੱਚੋਂ ਬਹੁਤ ਸਾਰੇ ਲੋਕ ਜਿਨ੍ਹਾਂ ਨੇ ਕਮਿਊਨਿਟੀ ਮੀਟਿੰਗਾਂ ਵਿੱਚ ਹਿੱਸਾ ਲਿਆ ਅਤੇ/ਜਾਂ ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਰਾਹੀਂ ਫੀਡਬੈਕ ਪ੍ਰਦਾਨ ਕੀਤੀ, ਉਹਨਾਂ ਨੇ ਕਲੰਕਿਤ ਜਾਂ ਧਾਰਨਾ ਬਣਾਉਣ ਦੀ ਭਾਵਨਾ ਦਾ ਸਾਹਮਣਾ ਕਰਨ ਬਾਰੇ ਦੱਸਿਆ ਅਤੇ ਉਹਨਾਂ ਚੁਣੌਤੀਆਂ ਦੀ ਗੱਲ ਕੀਤੀ ਜੋ ਇਹ ਸੰਮਿਲਤ ਕਰਨ ਅਤੇ ਭਾਗੀਦਾਰੀ ਦੇ ਰੂਪ ਵਿੱਚ ਪੈਦਾ ਕਰਦੇ ਹਨ।

ਅਸੀਂ ਲੋਕਾਂ ਤੋਂ ਕਮੇਟੀਆਂ ਦੇ ਵਿਕਾਸ ਅਤੇ ਮਸ਼ਵਰੇ ਦੌਰਾਨ ਲੋਕਾਂ ਦੇ ਤਜ਼ਰਬਿਆਂ ਦੀ ਭਿੰਨਤਾ ਨੂੰ ਵਿਚਾਰਨ ਦੀ ਮਹੱਤਤਾ ਬਾਰੇ ਸੁਣਿਆ, ਤਾਂ ਕਿ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਸਾਰੇ ਬ੍ਰਿਟਿਸ਼ ਕੋਲੰਬੀਅਨਾਂ ਨੂੰ ਆਪਣੇ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਲਈ ਸਾਰਥਕ ਤਰੀਕਿਆਂ ਨਾਲ ਭਾਗ ਲੈਣ ਦਾ ਮੌਕਾ ਮਿਲੇ। ਇਸ ਵਿਚ ਗੱਲਬਾਤ ਨੂੰ ਜਾਰੀ ਰੱਖਣ ਲਈ ਅਤੇ ਇਹ ਸੁਨਿਸ਼ਚਿਤ ਕਰਨ ਲਈ ਕਿ ਵਿਕਲਾਂਗਤਾਵਾਂ ਵਾਲੇ ਲੋਕਾਂ ਦੀਆਂ ਆਵਾਜ਼ਾਂ ਸੁਣੀਆਂ ਜਾਂਦੀਆਂ ਹਨ, ਪੂਰੇ ਪ੍ਰਾਂਤ ਤੋਂ ਵਿਅਕਤੀਆਂ ਅਤੇ ਸੰਗਠਨਾਂ ਦੇ ਇਕ ਵਿਆਪਕ ਕਰਾਸ-ਸੈਕਸ਼ਨ ਦੀ ਪ੍ਰਤੀਨਿਧਤਾ ਸ਼ਾਮਲ ਹੈ। ਇਸਦਾ ਅਰਥ ਇਹ ਹੈ ਕਿ ਇਹ ਸੁਨਿਸ਼ਚਿਤ ਕਰਨਾ ਕਿ ਪਿਛੋਕੜਾਂ ਅਤੇ ਤਜ਼ਰਬਿਆਂ ਦੀ ਵਿਸਤ੍ਰਿਤ ਰੇਂਜ ਤੋਂ ਵਿਕਲਾਂਗਤਾਵਾਂ ਵਾਲੇ ਲੋਕ ਕਾਨੂੰਨ ਬਣਾਉਣ ਅਤੇ ਇਸ ਨੂੰ ਲਾਗੂ ਕਰਨ ਲਈ ਮਾਰਗਦਰਸ਼ਕ ਬਣਨ ਵਿੱਚ ਸਹਾਇਤਾ ਕਰਨ ਵਿੱਚ ਸ਼ਾਮਲ ਕੀਤੇ ਜਾਂਦੇ ਹਨ।

ਅਸੀਂ ਸੁਣਿਆ ਹੈ ਕਿ ਉਚਿਤ ਸ਼ਮੂਲੀਅਤ ਨੂੰ ਪ੍ਰਾਪਤ ਕਰਨ ਲਈ ਕਾਨੂੰਨ ਕੋਲ ਵਿਕਲਾਂਗਤਾ ਦੀ ਵਿਆਪਕ ਪਰਿਭਾਸ਼ਾ ਹੋਣ ਦੀ ਜ਼ਰੂਰਤ ਹੈ। ਲੋਕਾਂ ਨੇ ਸਰੀਰਕ, ਮਾਨਸਿਕ, ਬੌਧਿਕ, ਗਿਆਨ ਸਬੰਧੀ, ਸਿੱਖਲਾਈ, ਸੰਚਾਰ ਅਤੇ ਸੰਵੇਦੀ ਦੇ ਨਾਲ ਨਾਲ ਅਸਥਾਈ, ਸਥਾਈ ਜਾਂ ਐਪੀਸੋਡਿਕ ਸਮੇਤ ਬਹੁਤ ਸਾਰੀਆਂ ਵੱਖ ਵੱਖ ਕਿਸਮਾਂ ਦੀਆਂ ਸੀਮਾਵਾਂ ਜਾਂ ਚੁਣੌਤੀਆਂ ਦੀ ਪਛਾਣ ਕੀਤੀ। ਕਾਨੂੰਨ ਅਤੇ ਸੰਬੰਧਿਤ ਪ੍ਰਸ਼ਾਸਨ ਦੇ ਢਾਂਚੇ ਨੂੰ ਵਿਕਸਿਤ ਕਰਨ ਸਮੇਂ ਵਿਕਲਾਂਗਤਾਵਾਂ ਅਤੇ ਤਜ਼ਰਬਿਆਂ ਦੀ ਪੂਰੀ ਸ਼੍ਰੇਣੀ ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ।

# ਸੰਖੇਪ ਰਿਪੋਰਟ

## ਐਕਸੈਸਿਬਿਲਟੀ ਲੈਜਿਲੇਸ਼ਨ ਕਨਸਲਟੇਸ਼ਨ (ਪਹੁੰਚਯੋਗਤਾ ਦੇ ਕਾਨੂੰਨ ਬਾਰੇ ਸਲਾਹ-ਮਸ਼ਵਰਾ)

*"ਵਿਕਲਾਂਗ ਵਿਅਕਤੀ ਦਾ ਤਬਦੀਲੀ ਪੈਦਾ ਕਰਨ ਅਤੇ ਲਾਗੂ ਕਰਨ ਵਿਚ ਸਭ ਤੋਂ ਅੱਗੇ ਹੋਣਾ ਜ਼ਰੂਰੀ ਹੈ। ਮਹੱਤਵਹੀਣ ਵਿਅਕਤੀਆਂ ਨੂੰ ਆਵਾਜ਼ ਦੇਣਾ ਸੱਚਮੁੱਚ ਸਮਾਵੇਸ਼ੀ ਅਤੇ ਪਹੁੰਚਯੋਗ ਬਣਨ ਦਾ ਇਕੋ ਇਕ ਰਸਤਾ ਹੈ। ਯੋਗ ਵਿਅਕਤੀਆਂ ਕੋਲ ਰੋਜ਼ਾਨਾ ਅਧਾਰ' ਤੇ ਸਾਹਮਣਾ ਕੀਤੀਆਂ ਜਾਣ ਵਾਲੀਆਂ ਵਿਭਿੰਨ ਚੁਣੌਤੀਆਂ ਨੂੰ ਸਮਝਣ ਦੀ ਪੂਰੀ ਸਮਰੱਥਾ ਕਦੇ ਨਹੀਂ ਹੋ ਸਕਦੀ। ਅਤੇ ਵਿਕਲਾਂਗ ਵਿਅਕਤੀਆਂ ਦੇ ਪੂਲ ਨੂੰ ਅੰਤਰਸੰਖੇ ਅਤੇ ਨਾਲ ਹੀ ਵਿਭਿੰਨ ਹੋਣ ਦੀ ਵੀਜ਼ਰੂਰਤ ਹੈ, ਕਿਉਂਕਿ ਲੋੜ ਵਿੱਚ ਬਹੁਤ ਸਾਰੇ ਗੁੰਝਲਦਾਰ ਕਾਰਕ ਅਤੇ ਵਿੱਚ ਅੰਤਰ ਹਨ।"*

*"ਇਕ ਨਸਲੀ ਵਿਅਕਤੀ ਅਤੇ 1.5 ਪੀੜ੍ਹੀ ਤੋਂ ਪ੍ਰਵਾਸੀ ਹੋਣ ਦੇ ਨਾਤੇ, ਇਹ ਮੇਰੇ ਲਈ ਮਹੱਤਵਪੂਰਨ ਹੈ ਕਿ ਵਿਕਸਤ ਕੀਤਾ ਕੁਝ ਵੀ ਇਕ ਇੰਟਰਸੈਕਸ਼ਨਲ ਤਰੀਕੇ ਨਾਲ ਕੀਤਾ ਜਾਏ, ਤਾਂ ਕਿ ਯੋਗਤਾ ਤੋਂ ਇਲਾਵਾ ਲਿੰਗ, ਨਸਲ, ਵਰਗ ਅਤੇ ਜਿਨਸੀ ਰੁਝਾਨ ਨੂੰ ਸ਼ਾਮਲ ਕੀਤਾ ਜਾਵੇ। ਇਸਦਾ ਅਰਥ ਸ਼ਮੂਲੀਅਤ ਨੂੰ ਮਿਆਰੀ ਬਣਾਉਣ ਜਾਂ ਤਬਦੀਲੀ ਬਾਰੇ ਵਿਚਾਰ ਵਟਾਂਦਰੇ ਲਈ ਮੌਜੂਦਾ ਭਾਈਚਾਰਿਆਂ ਜਾਂ ਸੰਸਥਾਵਾਂ ਦੇ ਨਾਲ ਕੰਮ ਕਰਨਾ ਹੋ ਸਕਦਾ ਹੈ।"*

### ਪਹੁੰਚਯੋਗਤਾ ਕਾਨੂੰਨ ਕਿਸ ਤਰ੍ਹਾਂ ਦਾ ਲਗ ਸਕਦਾ ਹੈ

#### ਮਿਆਰਾਂ ਦਾ ਵਿਕਾਸ

ਬ੍ਰਿਟਿਸ਼ ਕੋਲੰਬੀਅਨ ਸਪੱਸ਼ਟ ਸਨ ਕਿ ਵਿਕਲਾਂਗ ਵਿਅਕਤੀਆਂ, ਹੋਰ ਮਾਹਰਾਂ ਅਤੇ ਮੁੱਖ ਹਿੱਸੇਦਾਰਾਂ ਅਤੇ ਸਹਿਭਾਗੀਆਂ ਵਿਚਕਾਰ ਸਹਿਯੋਗਤਮਕ ਰੂਪ ਨਾਲ ਮਿਆਰਾਂ ਨੂੰ ਵਿਕਸਤ ਕਰਨ ਦੀ ਜ਼ਰੂਰਤ ਸੀ। ਸਰਵੇਖਣ ਦਾ ਪ੍ਰਤੀਕਰਮ ਦੇਣ ਵਾਲੇ 85% ਤੋਂ ਵੱਧ ਲੋਕਾਂ ਨੇ ਮਹਿਸੂਸ ਕੀਤਾ ਕਿ ਵਿਕਲਾਂਗ ਲੋਕਾਂ ਲਈ ਕਾਨੂੰਨ ਬਣਾਉਣ ਅਤੇ ਮਿਆਰਾਂ ਦੇ ਵਿਕਾਸ ਦੀ ਪ੍ਰਕਿਰਿਆ ਵਿਚ ਆਵਾਜ਼ ਹੋਣਾ ਮਹੱਤਵਪੂਰਨ ਜਾਂ ਬਹੁਤ ਮਹੱਤਵਪੂਰਨ ਸੀ। ਅਸੀਂ ਸੁਣਿਆ ਹੈ ਕਿ ਸਰਵ ਵਿਆਪਕ ਅਤੇ ਅਨੁਕੂਲ ਡਿਜ਼ਾਇਨ ਦੇ ਸਿਧਾਂਤਾਂ ਨੂੰ ਪਹੁੰਚਯੋਗਤਾ ਦੇ ਮਾਪਦੰਡਾਂ ਦੇ ਵਿਕਾਸ ਲਈ ਮਾਰਗਦਰਸ਼ਨ ਕਰਨ ਅਤੇ ਉਹਨਾਂ ਨੂੰ ਸੂਚਿਤ ਕਰਨ ਵਿੱਚ ਸਹਾਇਤਾ ਕਰਨੀ ਚਾਹੀਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਨਿਰਮਿਤ ਵਾਤਾਵਰਣ ਦੇ ਢਾਂਚੇ ਤੱਕ ਪਹੁੰਚਿਆ ਜਾ ਸਕੇ ਅਤੇ ਇਸਦਾ ਉਪਯੋਗ ਵੱਧ ਤੋਂ ਵੱਧ ਲੋਕਾਂ ਤੱਕ ਸੰਭਵ ਬਣਾਇਆ ਜਾ ਸਕੇ, ਉਨ੍ਹਾਂ ਦੀ ਉਮਰ ਜਾਂ ਯੋਗਤਾ ਦੀ ਪਰਵਾਹ ਕੀਤੇ ਬਿਨਾਂ। ਅਸੀਂ ਪ੍ਰਾਂਤ ਭਰ ਦੇ ਲੋਕਾਂ ਤੋਂ ਇਹ ਸੁਨਿਸ਼ਚਿਤ ਕਰਨ ਦੀ ਮਹੱਤਤਾ ਬਾਰੇ ਵੀ ਸੁਣਿਆ ਹੈ ਕਿ ਵਿਕਲਾਂਗਤਾਵਾਂ ਵਾਲੇ ਲੋਕ ਮਿਆਰਾਂ ਦੇ ਵਿਕਾਸ ਵਿੱਚ ਸ਼ਾਮਲ ਹਨ।

*ਪਹੁੰਚਯੋਗਤਾ ਕਾਨੂੰਨ ਲਈ ਫਰੇਮਵਰਕ* ਨੇ ਸੁਝਾਅ ਦਿੱਤਾ ਸੀ ਕਿ ਪਹੁੰਚਯੋਗਤਾ ਦੇ ਮਾਪਦੰਡ ਇਹਨਾਂ ਸਮੇਤ ਵੱਖ-ਵੱਖ ਖੇਤਰਾਂ ਵਿੱਚ ਵਿਕਸਤ ਕੀਤੇ ਜਾ ਸਕਦੇ ਹਨ:

- **ਸਰਵਿਸ ਡਲਿਵਰੀ ਜਿਵੇਂ ਸਿਹਤ ਸੇਵਾਵਾਂ, ਕਸਟਮਰ ਸਰਵਿਸਿਜ਼, ਸਿੱਖਿਆ ਅਤੇ ਰੀਟੇਲ (ਪ੍ਰਚੂਨ)**। ਬਹੁਤ ਸਾਰੇ ਲੋਕਾਂ ਨੇ ਨੋਟ ਕੀਤਾ ਕਿ ਇਹ ਇਕ ਵੱਡੀ ਸ਼੍ਰੇਣੀ ਹੈ ਅਤੇ ਇਹ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰ ਸਕਦੀ ਹੈ ਜੇ ਇਸ ਨੂੰ ਧਿਆਨ ਕੇਂਦਰਤ ਕਰਨ ਵਾਲੇ ਖੰਡਾਂ ਵਿਚ ਤੋੜਿਆ ਜਾਵੇ। ਉਦਾਹਰਣ ਵਜੋਂ, ਕੁਝ ਭਾਗੀਦਾਰਾਂ ਨੇ ਸੁਝਾਅ ਦਿੱਤਾ ਕਿ ਸਿਹਤ ਅਤੇ ਸਿੱਖਿਆ ਲਈ ਧਿਆਨ ਕੇਂਦਰਤ ਕਰਨ ਦਾ ਵੱਖਰਾ ਖੇਤਰ ਹੋਣਾ ਲਾਭਦਾਇਕ ਹੋ ਸਕਦਾ ਹੈ। ਸਰਵਿਸ ਡਲਿਵਰੀ ਦੇ ਖੇਤਰ ਵਿੱਚ, ਭਾਗੀਦਾਰਾਂ ਨੇ ਇਹ ਵੀ ਨੋਟ ਕੀਤਾ ਕਿ ਸਰਵਿਸ ਡਲਿਵਰੀ ਵਿੱਚ ਲੱਗੇ ਸਟਾਫ ਲਈ ਸਿਖਲਾਈ ਨੂੰ ਸਕਾਰਾਤਮਕ ਸੰਚਾਰ ਨੂੰ ਯਕੀਨੀ ਬਣਾਉਣ ਅਤੇ ਰੁਕਾਵਟਾਂ ਨੂੰ ਤੋੜਨ ਵਿੱਚ ਸਹਾਇਤਾ ਕਰਨ ਲਈ ਵਿਚਾਰਿਆ ਜਾਣਾ ਚਾਹੀਦਾ ਹੈ। ਲੋਕਾਂ ਨੇ ਸਾਰਵਜਨਕ ਸਮਾਗਮਾਂ ਨੂੰ ਪਹੁੰਚਯੋਗ ਢੰਗ ਨਾਲ ਪ੍ਰਦਾਨ ਕਰਨ ਨੂੰ ਸੁਨਿਸ਼ਚਿਤ ਕਰਨ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ।
- **ਹਾਇਰਿੰਗ ਅਤੇ ਰਿਟੈਂਸ਼ਨ ਸਮੇਤ ਰੁਜ਼ਗਾਰ**। ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਦੇ ਦੌਰਾਨ, ਲੋਕਾਂ ਨੇ ਨੋਟ ਕੀਤਾ ਕਿ ਰੁਜ਼ਗਾਰ ਤੱਕ ਪਹੁੰਚ ਸ਼ਮੂਲੀਅਤ ਲਈ ਅਭਿੰਨ ਹੈ ਅਤੇ ਰੁਜ਼ਗਾਰ ਢੁਕਵੇਂ ਅਵਸਰਾਂ ਦੀ ਲੋੜ ਹੈ ਤਾਂ ਕਿ ਇਸ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਵਿਕਲਾਂਗਤਾਵਾਂ

ਵਾਲੇ ਵਿਅਕਤੀਆਂ ਨੂੰ ਉਨ੍ਹਾਂ ਦੀਆਂ ਕਾਬਲੀਅਤਾਂ ਅਤੇ ਯੋਗਤਾਵਾਂ ਦਾ ਲਾਭ ਲੈਣ ਵਾਲੀ ਕਿਸਮਾਂ ਦੀਆਂ ਨੌਕਰੀਆਂ ਅਤੇ ਮੌਕਿਆਂ ਤੱਕ ਪਹੁੰਚ ਹੋਵੇ ਅਤੇ ਜੋ ਉਨ੍ਹਾਂ ਲਈ ਸਾਰਥਕ ਹੋਣ। ਵਿਕਲਾਂਗਤਾਵਾਂ ਵਾਲੇ ਬਹੁਤ ਸਾਰੇ ਵਿਅਕਤੀਆਂ ਨੇ ਅਰਥਪੂਰਨ ਰੁਜ਼ਗਾਰ ਦੇ ਅਵਸਰਾਂ ਤੱਕ ਪਹੁੰਚਣ ਵਿੱਚ ਮੁਸ਼ਕਲਾਂ ਦਾ ਵਰਣਨ ਕੀਤਾ ਅਤੇ ਨਾਲ ਹੀ ਉਹਨਾਂ ਦੀ ਸਫਲਤਾ ਨੂੰ ਯਕੀਨੀ ਬਣਾਉਣ ਲਈ ਕਾਰਜਸਥਾਨ ਵਿੱਚ ਲੋੜੀਂਦੇ ਢੁਕਵੇਂ ਪ੍ਰਬੰਧਾਂ ਨੂੰ ਪ੍ਰਾਪਤ ਕਰਨ ਵਿੱਚ ਮੁਸ਼ਕਲਾਂ ਬਾਰੇ ਦੱਸਿਆ। ਲੋਕਾਂ ਨੇ ਵਿਅਕਤੀਗਤ ਅਤੇ ਕਾਰੋਬਾਰ ਦੀਆਂ ਜਰੂਰਤਾਂ ਦੀ ਪੂਰਤੀ ਲਈ ਤਿਆਰ ਕੀਤੇ ਵੱਖ-ਵੱਖ ਸੰਭਾਵਿਤ ਪ੍ਰਬੰਧਾਂ ਦੇ ਅਨੁਸਾਰ ਲਚਕਤਾ ਦੀ ਮਹੱਤਤਾ ਬਾਰੇ ਵੀ ਦੱਸਿਆ, ਜਿਸ ਵਿੱਚ ਰੁਜ਼ਗਾਰਦਾਤਾ ਦੁਆਰਾ ਪਾਰਟ-ਟਾਈਮ ਵਿਕਲਪਾਂ, ਨੌਕਰੀ-ਕਾਰਵਿੰਗ (ਵਿਕਲਾਂਗਤਾਵਾਂ ਵਾਲੇ ਵਿਅਕਤੀ ਲਈ ਇੱਕ ਨੌਕਰੀ ਦੇ ਕੁਝ ਪਹਿਲੂਆਂ ਨੂੰ ਸੋਧਣਾ ਜਾਂ ਨਵੀਂ ਨੌਕਰੀ ਬਣਾਉਣਾ) ਬਾਰੇ ਵਿਚਾਰਿਆ ਜਾਣਾ ਸ਼ਾਮਲ ਹਨ।

- **ਬਣਾਏ ਵਾਤਾਵਰਣ ਜਿਵੇਂ ਕਿ ਪ੍ਰਵੇਸ਼ ਦੁਆਰ, ਪਾਰਕ, ਫੁੱਟਪਾਥ ਅਤੇ ਪਾਰਕਿੰਗ।** ਨਿਰਮਿਤ ਵਾਤਾਵਰਣ ਦੀ ਅਨ-ਉਪਲਬੱਧਤਾ ਬਾਰੇ ਬਹੁਤ ਚਰਚਾ ਹੋਈ। ਲੋਕਾਂ ਨੇ "ਕਰਬ ਕੱਟਾਂ" ਦਾ ਵਰਣਨ ਕੀਤਾ ਹੈ ਜੋ ਫੁੱਟਪਾਥ ਦੇ ਨਾਲ ਮੇਲ ਨਹੀਂ ਖਾਂਦੇ, ਬਿਨਾਂ ਆਟੋਮੈਟਿਕ ਓਪਨਰਾਂ ਦੇ ਦਰਵਾਜ਼ਿਆਂ ਤੱਕ ਜਾਂਦੇ ਰੈਂਪ ਅਤੇ ਨਾਲ ਹੀ ਪਹੁੰਚਯੋਗ ਵਾਸ਼ਰੂਮ ਜੋ ਪਹੁੰਚਯੋਗ ਨਹੀਂ ਹਨ। ਲੋਕਾਂ ਨੇ ਰੁਕਾਵਟਾਂ ਨੂੰ ਦੂਰ ਕਰਨ ਅਤੇ ਸਥਾਨਾਂ ਤੱਕ ਮੁਨਾਸਬ ਪਹੁੰਚ ਬਣਾਉਣ ਵੱਲ ਵੱਲ ਕੰਮ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਹਰ ਕਿਸੇ ਦੁਆਰਾ ਵਰਤੇ ਜਾ ਸਕਦੇ ਹਨ। ਭਾਗੀਦਾਰਾਂ ਨੇ ਪਹੁੰਚਯੋਗਤਾ ਦੇ ਸਾਰੇ ਵੱਖ-ਵੱਖ ਪਹਿਲੂਆਂ ਬਾਰੇ ਗੱਲ ਕੀਤੀ ਜਿਸ ਵਿੱਚ ਚੱਲ ਰਹੇ ਰੱਖ-ਰਖਾਅ, ਸਾਈਨੇਜ ਅਤੇ ਵੇਅਫਾਈਡਿੰਗ ਦੇ ਨਾਲ ਨਾਲ ਅਤੇ ਅੰਦਰੂਨੀ ਡਿਜ਼ਾਈਨ ਦੀ ਮਹੱਤਤਾ ਸ਼ਾਮਲ ਹੈ। ਲੋਕਾਂ ਨੇ ਫਰਨੀਚਰ ਦੀਆਂ ਕਹਾਣੀਆਂ ਸਾਂਝੀਆਂ ਕੀਤੀਆਂ ਜਿਹੜੀਆਂ ਵੈਸੇ ਪਹੁੰਚਯੋਗ ਥਾਂਵਾਂ 'ਤੇ ਰੁਕਾਵਟ ਪੈਦਾ ਕਰਦੀਆਂ ਅਤੇ ਦੇਖਭਾਲ ਦੀ ਸਪਲਾਈਆਂ ਦੁਆਰਾ ਵਾਸ਼ਰੂਮਾਂ ਨੂੰ ਬਲਾਕ ਕਰਦੀਆਂ ਹਨ। ਲੋਕਾਂ ਨੇ ਢੁਕਵੀਂ, ਕਿਫਾਇਤੀ, ਪਹੁੰਚਯੋਗ ਰਿਹਾਇਸ਼ ਲੱਭਣ ਵਿਚ ਵੀ ਆਪਣੀ ਮੁਸ਼ਕਲ ਸਾਂਝੀ ਕੀਤੀ। ਪਹੁੰਚਯੋਗ ਪਾਰਕਿੰਗ ਵੀ ਇਕ ਮੁੱਦਾ ਸੀ ਜੋ ਉਪਲਬਧ ਖਾਲੀ ਥਾਵਾਂ ਦੀ ਗੁਣਵੱਤਾ ਅਤੇ ਪ੍ਰਕਾਰ ਦੇ ਨਾਲ ਨਾਲ ਬਿਹਤਰ ਲਾਗੂ ਕਰਨ ਦੀ ਜ਼ਰੂਰਤ ਦੋਵਾਂ ਦੇ ਤੌਰ 'ਤੇ ਅਕਸਰ ਪਛਾਣਿਆ ਜਾਂਦਾ ਸੀ।
- **ਜਾਣਕਾਰੀ ਅਤੇ ਸੰਚਾਰ ਉਦਾਹਰਣ ਦੀਆਂ ਵੈਬਸਾਈਟਾਂ, ਪ੍ਰਿੰਟ ਸਮਗਰੀ, ਐਮਰਜੈਂਸੀ ਜਾਣਕਾਰੀ।** ਬਹੁਤ ਸਾਰੇ ਵਿਚਾਰ ਵਟਾਂਦਰੇ ਸਮਾਗਮਾਂ ਤੇ, ਲੋਕਾਂ ਨੇ ਜਾਣਕਾਰੀ ਤੱਕ ਪਹੁੰਚ ਅਤੇ ਇਸ ਤੱਥ ਦੇ ਨਾਲ ਆਪਣੀ ਨਿਰਾਸ਼ਾ ਨੂੰ ਸਾਂਝਾ ਕੀਤਾ ਕਿ ਬਹੁਤ ਸਾਰੀਆਂ ਵੈਬਸਾਈਟਾਂ ਪਹੁੰਚਯੋਗ ਨਹੀਂ ਹਨ। ਇਸ ਨਾਲ ਵਿਕਲਾਂਗਤਾਵਾਂ ਵਾਲੇ ਬਹੁਤ ਸਾਰੇ ਲੋਕਾਂ ਲਈ ਉਹਨਾਂ ਦੀ ਜਾਣਕਾਰੀ ਅਤੇ ਸੇਵਾਵਾਂ ਤੱਕ ਪਹੁੰਚ ਦੇ ਰਾਹ ਵਿੱਚ ਰੁਕਾਵਟਾਂ ਪੈਦਾ ਹੋ ਗਈਆਂ ਹਨ। ਲੋਕਾਂ ਨੇ ਸਾਰੇ ਉਪਭੋਗਤਾਵਾਂ ਲਈ ਪਹੁੰਚਯੋਗਤਾ ਨੂੰ ਯਕੀਨੀ ਬਣਾਉਣ ਲਈ ਫਾਰਮੈਟਾਂ ਦੀ ਇੱਕ ਰੇਂਜ ਵਿੱਚ ਜਾਣਕਾਰੀ ਉਪਲਬਧ ਹੋਣ ਦੀ ਮਹੱਤਤਾ ਨੂੰ ਵੀ ਨੋਟ ਕੀਤਾ। ਉਦਾਹਰਣ ਲਈ, ਏਐਸਐਲ ਉਪਭੋਗਤਾਵਾਂ ਨੇ ਉਹਨਾਂ ਮੁਸ਼ਕਲਾਂ ਦੀ ਸਮਝ ਪ੍ਰਦਾਨ ਕੀਤੀ ਜੋ ਉਹਨਾਂ ਨੂੰ ਦੁਭਾਸ਼ੀਏ ਤਕ ਪਹੁੰਚਣ ਅਤੇ ਏਐਸਐਲ ਵਿੱਚ ਜਾਣਕਾਰੀ ਪ੍ਰਾਪਤ ਕਰਨ ਵਿੱਚ ਪੇਸ਼ ਆਉਂਦੀਆਂ ਸਨ। ਨਾਲ ਹੀ ਅੰਨ੍ਹੇ ਵਿਅਕਤੀਆਂ ਨੇ ਬ੍ਰੇਲ ਜਾਂ ਕਿਸੇ ਪਹੁੰਚਯੋਗ ਸ਼ਬਦ ਫਾਰਮੈਟ ਵਿਚ ਜਾਣਕਾਰੀ ਤਕ ਪਹੁੰਚ ਦੀ ਮਹੱਤਤਾ ਬਾਰੇ ਗੱਲ ਕੀਤੀ। ਜਾਣਕਾਰੀ ਦੀ ਗੁੰਝਲਦਾਰਤਾ ਨੂੰ ਕੁਝ ਕਮਿਊਨਿਟੀ ਮੀਟਿੰਗਾਂ ਵਿੱਚ ਹਿੱਸਾ ਲੈਣ ਵਾਲਿਆਂ ਦੇ ਨਾਲ ਇੱਕ ਰੁਕਾਵਟ ਵਜੋਂ ਵੀ ਉਜਾਗਰ ਕੀਤਾ ਗਿਆ ਸੀ, ਜੋ ਇਹ ਸੁਝਾਉਂਦੇ ਹਨ ਕਿ ਲੋਕਾਂ ਨੂੰ ਜਾਣਕਾਰੀ ਅਤੇ ਸੇਵਾਵਾਂ ਤੱਕ ਪਹੁੰਚ ਪ੍ਰਾਪਤ ਕਰਨ ਲਈ ਸਹਾਇਤਾ ਕਰਨ ਲਈ ਵਾਧੂ ਸਾਧਨਾਂ ਦੀ ਜ਼ਰੂਰਤ ਹੈ ਜੋ ਉਹਨਾਂ ਨੂੰ ਲੋੜੀਂਦੇ ਹਨ।
- **ਆਵਾਜਾਈ, ਉਦਾਹਰਣ ਲਈ ਬੱਸਾਂ, ਫੈਰੀਆਂ ਅਤੇ ਟੈਕਸੀਆਂ।** ਲੋਕਾਂ ਨੇ ਆਵਾਜਾਈ ਸੇਵਾਵਾਂ ਤੱਕ ਪਹੁੰਚ ਦੀ ਮਹੱਤਤਾ ਬਾਰੇ ਗੱਲ ਕੀਤੀ ਅਤੇ ਉਹਨਾਂ ਦੁਆਰਾ ਲੋੜੀਂਦੀਆਂ ਸੇਵਾਵਾਂ ਤੱਕ ਨਾ ਪਹੁੰਚ ਪਾਉਣ ਬਾਰੇ ਆਪਣੀਆਂ ਨਿਰਸ਼ਾਵਾਂ ਨੂੰ ਸਾਂਝਾ ਕੀਤਾ। ਇਸ ਵਿੱਚ ਸਟਾਫ ਦੀ ਸਿਖਲਾਈ ਦੀ ਜ਼ਰੂਰਤ ਦੇ ਨਾਲ ਨਾਲ ਉਹਨਾਂ ਦੁਆਰਾ ਲੋੜੀਂਦੀਆਂ ਸੇਵਾਵਾਂ ਤੱਕ ਪਹੁੰਚ ਪ੍ਰਾਪਤ ਕਰਨ ਲਈ ਪਹਿਲਾਂ ਤੋਂ ਹੀ ਚੰਗੀ ਤਰਾਂ ਬੁੱਕ ਕਰਵਾਉਣ ਦੀ ਜ਼ਰੂਰਤ ਸ਼ਾਮਲ ਸੀ। ਲੋਕਾਂ ਨੇ ਮਹੱਤਵਪੂਰਨ ਅਪੋਇੰਟਮੈਂਟਾਂ ਅਤੇ ਸੇਵਾਵਾਂ ਤੱਕ ਪਹੁੰਚਣ ਲਈ ਆਵਾਜਾਈ ਤੱਕ

ਪਹੁੰਚ ਦੀ ਮਹੱਤਤਾ ਬਾਰੇ ਵੀ ਗੱਲ ਕੀਤੀ ਅਤੇ ਨਾਲ ਹੀ ਉਹ ਭੂਮਿਕਾ ਜੋ ਆਵਾਜਾਈ ਤੱਕ ਪਹੁੰਚ ਸੱਚੀ ਸ਼ਮੂਲੀਅਤ ਨੂੰ ਉਤਸ਼ਾਹਤ ਕਰਨ ਅਤੇ ਯੋਗ ਕਰਨ ਵਿੱਚ ਨਿਭਾਉਂਦੀ ਹੈ। ਬਹੁਤ ਸਾਰੇ ਭਾਗੀਦਾਰਾਂ ਨੇ ਆਵਾਜਾਈ ਪ੍ਰਦਾਤਾਵਾਂ ਦੀ ਸਿਖਲਾਈ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ ਤਾਂ ਜੋ ਉਹ ਵੀਲਚੇਅਰਾਂ ਨੂੰ ਸੁਰੱਖਿਅਤ ਢੰਗ ਨਾਲ ਰੱਖਣ ਦੇ ਯੋਗ ਹੋਣ ਜਾਂ ਸੰਚਾਰ ਰੁਕਾਵਟਾਂ ਵਾਲੇ ਵਿਅਕਤੀਆਂ ਦਾ ਸਮਰਥਨ ਕਰਨ ਦੇ ਯੋਗ ਹੋਣ।

ਸਰਵੇਖਣ ਦਾ ਜਵਾਬ ਦਿੰਦੇ ਹੋਏ ਜ਼ਿਆਦਾਤਰ ਲੋਕਾਂ (87%) ਨੇ ਕਿਹਾ ਕਿ ਇਹ ਸਾਰੇ ਪੰਜ ਖੇਤਰ ਮਹੱਤਵਪੂਰਨ ਸਨ।

*“ਬੌਧਿਕ ਵਿਕਲਾਂਗਤਾਵਾਂ ਵਾਲੇ ਲੋਕਾਂ ਅਤੇ ਬਜ਼ੁਰਗਾਂ ਨੂੰ ਅਕਸਰ ਜਾਣਕਾਰੀ ਪ੍ਰਦਾਨ ਕਰਨ ਜਾਂ ਔਨਲਾਈਨ ਜਾਣਕਾਰੀ ਪ੍ਰਾਪਤ ਕਰਨ ਲਈ ਕਿਹਾ ਜਾਂਦਾ ਹੈ ਜੋ ਤਕਨਾਲੋਜੀ ਦੀ ਵਰਤੋਂ ਵਿਚ ਰੁਕਾਵਟਾਂ ਕਾਰਨ ਹਮੇਸ਼ਾਂ ਪਹੁੰਚਯੋਗ ਨਹੀਂ ਹੁੰਦਾ। ਸਿਹਤ ਦੇਖਭਾਲ ਸੰਚਾਰ ਤੱਕ ਪਹੁੰਚਣ ਦੀ ਕੋਸ਼ਿਸ਼ ਕਰਦੇ ਸਮੇਂ ਇਹ ਵਿਸ਼ੇਸ਼ ਰੂਪ ਨਾਲ ਇੱਕ ਮੁੱਦਾ ਹੈ।”*

*"ਕੰਮ ਦੇ ਸਥਾਨ ਜਾਂ ਸੇਵਾਵਾਂ ਦਾ ਉਪਯੋਗ ਕਰਨ ਲਈ ਸੁਵਿਧਾਜਨਕ ਪ੍ਰਬੰਧਾਂ ਜਿਵੇਂ ਕਿ ਦੁਭਾਸ਼ੀਏ ਦੀ ਜ਼ਰੂਰਤ ਜਾਂ ਸਹਾਇਤਾ ਯੰਤਰ ਤਕ ਪਹੁੰਚਣ ਨੂੰ ਸੌਖਾ ਬਣਾਉਣਾ। ਘੱਟ ਅੜਚਨਾਂ ਜਿਹਨਾਂ ਵਿਚੋਂ ਲੰਘਣ ਦੀ ਲੋੜ ਹੋਵੇ, ਜੇ ਲੋੜ ਹੈ ਉਹ ਪ੍ਰਾਪਤ ਕਰਨ ਲਈ ਵਧੇਰੇ ਕ੍ਰਮਬੱਧ ਪ੍ਰਕਿਰਿਆਵਾਂ।"*

*“ਐਲੀਵੇਟਰ ਬਟਨ ਹੇਠਾਂ ਹੋਣੇ ਚਾਹੀਦੇ ਹਨ, ਜਿਸ ਨਾਲ ਵੀਲਚੇਅਰ ਉਪਯੋਗਕਰਤਾਵਾਂ ਦੁਆਰਾ ਪਹੁੰਚਯੋਗ ਹੋਣ ਅਤੇ ਉਹਨਾਂ ਲੋਕਾਂ ਲਈ ਬ੍ਰੇਲ ਵਾਲੇ ਹੋਣੇ ਚਾਹੀਦੇ ਹਨ ਜੋ ਦੇਖ ਨਹੀਂ ਸਕਦੇ।”*

*“ਮੈਂ ਮਹਿਸੂਸ ਕਰਦਾ ਹਾਂ ਕਿ ਸਿੱਖਿਆ ਨੂੰ ਕਿਸੇ ਹੋਰ ਸ਼੍ਰੇਣੀ ਵਿੱਚ ਨਹੀਂ ਰੱਖਿਆ ਜਾਣਾ ਚਾਹੀਦਾ। ਪਹੁੰਚਯੋਗ ਸਿੱਖਿਆ ਜੋ ਸੰਘਰਸ਼ਸ਼ੀਲ ਵਿਦਿਆਰਥੀਆਂ ਦੀ ਸਹਾਇਤਾ ਲਈ ਡਿਜ਼ਾਈਨ ਕੀਤੀ ਗਈ ਹੈ, ਬਹੁਤ ਮਹੱਤਵਪੂਰਣ ਹੈ। ਇਹ ਬੱਚਿਆਂ ਲਈ ਬਾਲਗ ਬਣਨ ਦੀ ਅਵਸਥਾ ਨਿਰਧਾਰਤ ਕਰਦਾ ਹੈ ਜੋ ਸੁਤੰਤਰ ਤੌਰ' ਤੇ ਕੰਮ ਕਰ ਸਕਦੇ ਹਨ।”*

### ਸ਼ਾਸਨ ਪ੍ਰਣਾਲੀ

ਵਿਕਲਾਂਗਤਾਵਾਂ ਵਾਲੇ ਲੋਕਾਂ, ਸੇਵਾ ਸੰਸਥਾਵਾਂ ਅਤੇ ਕਾਰੋਬਾਰਾਂ ਨੇ ਸਭ ਨੇ ਕਾਨੂੰਨ ਸੰਬੰਧੀ ਪ੍ਰਸ਼ਨਾਂ, ਬੇਨਤੀਆਂ ਅਤੇ ਸ਼ਿਕਾਇਤਾਂ ਲਈ ਸੰਪਰਕ ਦਾ ਇਕ ਬਿੰਦੂ ਹੋਣ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਵਰਚੁਅਲ ਟਾਉਨਹਾਲ ਦੇ ਨਾਲ-ਨਾਲ ਸਾਖਿਆਤ ਸਲਾਹ-ਮਸ਼ਵਰੇ ਸਮਾਗਮਾਂ 'ਤੇ ਕਾਨੂੰਨ ਦੀ ਨਿਗਰਾਨੀ ਦੀ ਜ਼ਰੂਰਤ' ਤੇ ਜ਼ੋਰ ਦਿੱਤਾ ਗਿਆ ਸੀ। ਭਾਗੀਦਾਰਾਂ ਨੇ ਜ਼ੋਰ ਦਿੱਤਾ ਕਿ ਕਿਸੇ ਵੀ ਸ਼ਾਸਨ ਪ੍ਰਬੰਧਨ ਨੂੰ ਮੁਹਾਰਤ ਨੂੰ ਵਰਤਣਾ ਚਾਹੀਦਾ ਹੈ ਅਤੇ ਵਿਕਲਾਂਗਤਾ ਦੇ ਜੀਵਿਤ ਤਜਰਬੇ ਵਾਲੇ ਲੋਕਾਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ। ਇਸ ਵਿੱਚ ਇਹ ਸੁਨਿਸ਼ਚਿਤ ਕਰਨਾ ਸ਼ਾਮਲ ਹੈ ਕਿ ਵੱਖ ਵੱਖ ਤਜ਼ੁਰਬੇ ਵਾਲੇ ਅਤੇ ਵੱਖ ਵੱਖ ਕਿਸਮਾਂ ਦੀਆਂ ਵਿਕਲਾਂਗਤਾਵਾਂ ਵਾਲੇ ਲੋਕ ਸਮਾਵੇਸ਼ ਦੇ ਸਮਰਥਨ ਲਈ ਮਿਆਰਾਂ ਦੇ ਵਿਕਾਸ ਵਿੱਚ ਹਿੱਸਾ ਲੈਂਦੇ ਹਨ।

*“ਸਾਨੂੰ ਨਿਗਰਾਨੀ, ਪ੍ਰਸ਼ਾਸਨ ਅਤੇ ਮਾਰਗਦਰਸ਼ਨ ਪ੍ਰਦਾਨ ਕਰਨ ਲਈ ਕੇਂਦਰਿਤ ਸਮੂਹ ਦੀ ਜਰੂਰਤ ਹੈ, ਅਤੇ ਸਮੂਹ ਨੂੰ ਉਚਿਤ ਰੂਪ ਨਾਲ ਸਟਾਫ ਅਤੇ ਫੰਡ ਦਿੱਤਾ ਜਾਣਾ ਜ਼ਰੂਰੀ ਹੈ। ਤੁਸੀਂ ਸਾਡੇ ਤੋਂ ਪਹੁੰਚਯੋਗਤਾ ਦੇ ਮਾਪਦੰਡਾਂ ਅਤੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਉਮੀਦ ਨਹੀਂ ਕਰ ਸਕਦੇ ਜੇ ਉਹ ਸਮਰਥਨ ਉਪਲਬਧ ਨਹੀਂ ਹੁੰਦੇ ਜੋ ਮੁਸ਼ਕਲਾਂ ਨਾਲ ਲੜਾਈਆਂ ਨੂੰ ਹੱਲ ਕਰਨ ਵਿੱਚ ਸਾਡੀ ਸਹਾਇਤਾ ਕਰਦੇ ਹਨ ਜਦੋਂ ਉਹ ਹੁੰਦੀਆਂ ਹਨ- ਅਤੇ ਉਹ ਹਮੇਸ਼ਾਂ ਹੁੰਦੀਆਂ ਹਨ।"*

*"ਫੈਸਲਾ ਲੈਣ ਦੇ ਪੱਧਰ' ਤੇ ਵਿਵਿਧ ਪ੍ਰਤੀਨਿੱਧਤਾ ਦੀ ਜ਼ਰੂਰਤ ਹੈ।"*

## ਸੰਖੇਪ ਰਿਪੋਰਟ

## ਐਕਸੈਸਿਬਿਲਟੀ ਲੈਜਿਲੇਸ਼ਨ ਕਨਸਲਟੇਸ਼ਨ (ਪਹੁੰਚਯੋਗਤਾ ਦੇ ਕਾਨੂੰਨ ਬਾਰੇ ਸਲਾਹ-ਮਸ਼ਵਰਾ)

### ਪਾਲਣਾ, ਲਾਗੂ ਕਰਨਾ ਅਤੇ ਪ੍ਰੋਤਸਾਹਨ

ਕੰਮ ਦੀ ਪ੍ਰਕਿਰਿਆ ਦੇ ਦੌਰਾਨ, ਅਸੀਂ ਇਹ ਸੁਨਿਸ਼ਚਿਤ ਕਰਨ ਦੀ ਮਹੱਤਤਾ ਬਾਰੇ ਸੁਣਿਆ ਕਿ ਕਾਨੂੰਨ ਲਾਗੂ ਕੀਤਾ ਜਾ ਸਕੇ। ਅਸੀਂ ਲਾਗੂ ਕਰਨ ਦੀਆਂ ਕਿਸਮਾਂ ਬਾਰੇ ਵਿਚਾਰਾਂ ਸਮੇਤ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਉਤਸ਼ਾਹਿਤ ਕਰਨ ਅਤੇ ਸਮਰਥਨ ਕਰਨ ਬਾਰੇ ਬਹੁਤ ਸਾਰੇ ਵਧੀਆ ਵਿਚਾਰ ਸੁਣੇ। ਸੰਭਾਵਤ ਪ੍ਰੋਤਸਾਹਨ ਅਤੇ ਉਪਾਵਾਂ ਦੇ ਵਿਚਾਰਾਂ ਵਿੱਚ ਟੈਕਸ ਇੰਨਸੈਂਟਿਵ ਜਾਂ ਸਾਧਨ ਕੇਂਦਰ ਸ਼ਾਮਲ ਹੁੰਦੇ ਹਨ ਜਿੱਥੇ ਵਿਅਕਤੀ ਅਤੇ ਸੰਗਠਨ ਢੁਕਵੀਂ ਜਾਣਕਾਰੀ ਅਤੇ ਸਹਾਇਤਾ ਪ੍ਰਾਪਤ ਕਰ ਸਕਦੇ ਸਨ। ਸੰਭਾਵਤ ਸਿਖਲਾਈ ਪ੍ਰੋਗਰਾਮਾਂ ਜਾਂ ਪ੍ਰਮਾਣੀਕਰਣ ਪ੍ਰੋਗਰਾਮਾਂ ਦੇ ਨਾਲ ਨਾਲ ਸਰਕਾਰ ਦੇ ਅੰਦਰ ਉੱਤਮ ਅਭਿਆਸਾਂ ਅਤੇ ਪ੍ਰਮੁੱਖ ਅਭਿਆਸਾਂ ਨੂੰ ਬਣਾਉਣ ਦੇ ਤਰੀਕਿਆਂ ਬਾਰੇ ਵੀ ਮਹੱਤਵਪੂਰਣ ਵਿਚਾਰ ਵਟਾਂਦਰੇ ਹੋਏ।

ਸਰਵੇਖਣ ਦੇ ਤਿੰਨ-ਚੌਥਾਈ ਜਵਾਬ ਦੇਣ ਵਾਲਿਆਂ ਤੋਂ ਵੱਧ ਨੇ ਕਿਹਾ ਹੈ ਕਿ ਪਹੁੰਚਯੋਗਤਾ ਨੂੰ ਸਮਰਥਨ ਦੇਣ ਲਈ ਫੰਡਿੰਗ ਪ੍ਰੋਗਰਾਮ ਨਵੇਂ ਪਹੁੰਚਯੋਗਤਾ ਕਾਨੂੰਨਾਂ ਦੀ ਪਾਲਣਾ ਲਈ ਸਮਰਥਨ ਕਰਨ ਲਈ ਪੇਸ਼ ਕੀਤੇ ਜਾਣੇ ਚਾਹੀਦੇ ਹਨ। ਸਰਵੇਖਣ ਦੇ ਉੱਤਰਦਾਤਾਵਾਂ ਨੇ ਹੇਠ ਦਿੱਤੇ ਕ੍ਰਮ ਵਿੱਚ ਪਾਲਣਾ ਲਈ ਸੁਝਾਵਾਂ ਦੀ ਮਹੱਤਤਾ ਨੂੰ ਦਰਜਾ ਦਿੱਤਾ:

1. ਪਹੁੰਚਯੋਗਤਾਨੂੰ ਬਿਹਤਰ ਬਣਾਉਣ ਲਈ ਫੰਡਿੰਗ ਪ੍ਰੋਗਰਾਮ (ਉੱਤਰਦਾਤਾਵਾਂ ਦਾ 77%)
2. ਸੰਗਠਨਾਂ ਲਈ ਸਹਾਇਤਾ, ਸਿਖਲਾਈ ਅਤੇ/ਜਾਂ ਸਾਧਨਾਂ ਦੀ ਸਿਰਜਣਾ (ਉੱਤਰਦਾਤਾਵਾਂ ਦਾ 67%)
3. ਪਹੁੰਚਯੋਗਤਾ ਇੰਸਪੈਕਸ਼ਨਾਂ (ਉੱਤਰਦਾਤਾਵਾਂ ਦਾ 63%)
4. ਪਹੁੰਚਯੋਗਤਾ ਦੀਆਂ ਯੋਜਨਾਵਾਂ ਅਤੇ ਪ੍ਰਗਤੀ ਰਿਪੋਰਟਾਂ (ਉੱਤਰਦਾਤਾਵਾਂ ਦਾ 58%)
5. ਵਿੱਤੀ ਜ਼ੁਰਮਾਨੇ (ਉੱਤਰਦਾਤਾਵਾਂ ਦਾ 43%)
6. ਲੋਕਾਂ ਅਤੇ ਸੰਗਠਨਾਂ ਲਈ ਪਹੁੰਚਯੋਗਤਾ ਪੁਰਸਕਾਰਾਂ ਦੀ ਸਿਰਜਣਾ (ਉੱਤਰਦਾਤਾਵਾਂ ਦਾ 39%)

ਸਾਖਿਆਤ ਸਲਾਹ-ਮਸ਼ਵਰੇ ਦੀਆਂ ਮੀਟਿੰਗਾਂ ਦੇ ਦੌਰਾਨ, ਅਸੀਂ ਸਮਾਵੇਸ਼ ਦੇ ਸਭਿਆਚਾਰ ਨੂੰ ਬਣਾਉਣ ਵਿੱਚ ਸਹਾਇਤਾ ਲਈ ਸਮਰਥਨ, ਸਿਖਲਾਈ, ਸਿੱਖਿਆ ਅਤੇ ਜਨਤਕ ਜਾਗਰੂਕਤਾ ਪ੍ਰਦਾਨ ਕਰਨ ਲਈ ਨਵੇਂ ਪਹੁੰਚਯੋਗ ਕਾਨੂੰਨ ਦੀ ਜ਼ਰੂਰਤ ਬਾਰੇ ਸੁਣਿਆ। ਅਸੀਂ ਮੌਜੂਦਾ ਕਾਨੂੰਨਾਂ ਨੂੰ ਲਾਗੂ ਕਰਨ ਵਿੱਚ ਮੁਸ਼ਕਲ ਅਤੇ ਕੁਝ ਚੁਣੌਤੀਆਂ ਬਾਰੇ ਵੀ ਸੁਣਿਆ ਹੈ ਜੋ ਇਸ ਨੇ ਵਿਕਲਾਂਗਤਾਵਾਂ ਵਾਲੇ ਲੋਕਾਂ ਲਈ ਬਣਾਈਆਂ ਹਨ। ਲੋਕਾਂ ਨੇ ਉਨ੍ਹਾਂ ਦੁਆਰਾ ਸਾਹਮਣਾ ਕੀਤੇ ਜਾਂਦੇ ਕਲੰਕ ਅਤੇ ਧਾਰਣਾ ਦੀ ਕਿਸਮ ਬਾਰੇ ਆਪਣੀਆਂ ਨਿੱਜੀ ਕਹਾਣੀਆਂ ਸਾਂਝੀਆਂ ਕੀਤੀਆਂ ਅਤੇ ਨਾਲ ਹੀ ਉਹਨਾਂ ਚੁਣੌਤੀਆਂ ਬਾਰੇ ਵੀ ਦੱਸਿਆ ਜੋ ਉਹ ਆਪਣੇ ਅਧਿਕਾਰਾਂ ਦਾ ਸਨਮਾਨ ਕੀਤੇ ਜਾਣ ਬਾਰੇ ਅਨੁਭਵ ਕਰਦੇ ਹਨ। ਇਸ ਵਿੱਚ ਪਹੁੰਚਯੋਗ ਪਾਰਕਿੰਗ ਦੇ ਦੁਆਲੇ ਮੌਜੂਦਾ ਵਿਧਾਨਕ ਢਾਂਚੇ ਵਿੱਚ ਪਾੜੇ ਦੇ ਮਾਧਿਅਮ ਤੋਂ ਰੁਜ਼ਗਾਰ ਅਤੇ ਹੋਰ ਮੌਕਿਆਂ ਤੱਕ ਪਹੁੰਚ ਸ਼ਾਮਲ ਸੀ।

> *"ਸੰਸਥਾਵਾਂ/ਕੰਪਨੀਆਂ ਵਿੱਚ ਸ਼ਾਮਲ ਹੋਣ ਲਈ ਇੱਕ ਪ੍ਰਵਾਨਤ ਪਹੁੰਚਯੋਗਤਾ ਪ੍ਰਮਾਣੀਕਰਣ/ਸਦੱਸਤਾ ਜੋ ਨਿਮਨਤਮ ਮਾਪਦੰਡਾਂ ਤੋਂ ਅੱਗੇ ਵੱਧਣ ਨੂੰ ਉਤਸ਼ਾਹਿਤ ਕਰਦੀ ਹੈ, ਜਿਵੇਂ ਕਿ ਵਰਕਸੇਫਬੀਸੀ ਦਾ ਸੀਓਆਰ ਪ੍ਰਮਾਣੀਕਰਣ (WorksafeBC's COR certification) । ਫੰਡਾਂ ਲਈ ਅਰਜ਼ੀ ਦਿੰਦੇ ਹੋਏ, ਕੌਨਟ੍ਰੈਕਟ ਲਈ ਬੋਲੀ ਲਗਾਉਂਦੇ ਹੋਏ, ਜਾਂ ਪਰਮਿਟ ਪ੍ਰਾਪਤ ਕਰਦੇ ਹੋਏ, ਮੈਂਬਰਸ਼ਿਪ ਇੱਕ ਫਾਇਦਾ ਜਾਂ ਜ਼ਰੂਰਤ ਹੋ ਸਕਦੀ ਹੈ।"*

> *"ਨਵੇਂ ਕਾਨੂੰਨ ਕੋਲ ਉਪਕਰਣ ਹੋਣ ਦੀ ਜ਼ਰੂਰਤ ਹੈ।"*

## ਸੰਖੇਪ ਰਿਪੋਰਟ

## ਐਕਸੈਸਿਬਿਲਟੀ ਲੈਜਿਲੇਸ਼ਨ ਕਨਸਲਟੇਸ਼ਨ (ਪਹੁੰਚਯੋਗਤਾ ਦੇ ਕਾਨੂੰਨ ਬਾਰੇ ਸਲਾਹ-ਮਸ਼ਵਰਾ)

*"ਇਹ ਸੁਨਿਸ਼ਚਿਤ ਕਰੋ ਕਿ ਕਾਨੂੰਨ ਦੀ ਪਾਲਣਾ ਨਾ ਕਰਨਾ ਢੁਕਵੀਂ ਲਾਗੂ ਕਰਨ ਵਾਲੀ ਕਾਰਵਾਈ ਦੁਆਰਾ ਸਮਰਥਿਤ ਹੈ। ਸੰਗਠਨਾਂ ਨੂੰ ਪਹਿਲੇ ਦਿਨ ਤੋਂ ਕਾਨੂੰਨੀ ਪਹੁੰਚ ਦੀ ਜ਼ਰੂਰਤਾਂ ਪੂਰੀਆਂ ਕਰਨ ਵਿੱਚ ਅਸਫਲ ਰਹਿਣ ਲਈ ਜਵਾਬਦੇਹ ਬਣਾਉਣ ਲਈ ਇੱਕ ਢਾਂਚਾ ਹੋਣਾ ਚਾਹੀਦਾ ਹੈ। ਇਹ ਮੁੱਦੇ ਨੂੰ ਸੁਲਝਾਉਣ ਲਈ ਸਿੱਖਿਆ ਅਤੇ ਮੌਕਿਆਂ ਨਾਲ ਸ਼ੁਰੂ ਹੋਏਗਾ, ਪਰ ਛੇਤੀ ਹੀ ਕਾਨੂੰਨ ਦੀ ਪਾਲਣਾ ਨਾ ਕਰਨ ਲਈ ਕਾਰਵਾਈ/ਜ਼ੁਰਮਾਨੇ ਲਈ ਅੱਗੇ ਵਧਣਾ ਚਾਹੀਦਾ ਹੈ। ਵਿੱਤੀ ਜ਼ੁਰਮਾਨੇ ਉਚਿਤ ਹੁੰਦੇ ਹਨ, ਜੇ ਇਹ ਪਤਾ ਹੋਵੇ ਕਿ ਅਪਾਲਣਾ (ਬੇਦਖਲੀ) ਹੋਣ ਨਾਲ ਦਾਅ 'ਤੇ ਕੀ ਹੈ।"*

### ਸਭਿਆਚਾਰਕ ਤਬਦੀਲੀ

ਕੰਮ ਦੀ ਪ੍ਰਕਿਰਿਆ ਦੇ ਦੌਰਾਨ ਅਸੀਂ ਸੁਣਿਆ ਹੈ ਕਿ ਕਾਨੂੰਨ ਨੂੰ ਵਿਆਪਕ ਪਹੁੰਚਯੋਗਤਾ ਦੀ ਰਣਨੀਤੀ ਦਾ ਇੱਕ ਮਹੱਤਵਪੂਰਨ ਹਿੱਸਾ ਬਣਨ ਦੀ ਜ਼ਰੂਰਤ ਹੈ ਅਤੇ ਇਸਦਾ ਟੀਚਾ ਸਭਿਆਚਾਰਕ ਤਬਦੀਲੀ ਲਿਆਉਣਾ ਅਤੇ ਸਮਰਥਨ ਲਈ ਸਹਾਇਤਾ ਕਰਨਾ ਹੈ। ਲੋਕਾਂ ਨੇ ਸ਼ਮੂਲੀਅਤ ਦੇ ਸਭਿਆਚਾਰ ਦੇ ਸਮਰਥਨ ਲਈ ਲੋੜੀਂਦੇ ਉਪਾਵਾਂ ਦੀਆਂ ਕਿਸਮਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।

### ਸਿੱਖਿਆ ਅਤੇ ਜਾਗਰੂਕਤਾ ਪੈਦਾ ਕਰਨਾ

ਪਹੁੰਚ ਅਤੇ ਸ਼ਮੂਲੀਅਤ ਦੀ ਵਿਆਪਕ ਪਹੁੰਚ ਦੇ ਅਨਿੱਖੜਵੇਂ ਹਿੱਸੇ ਵਜੋਂ ਸਿੱਖਿਆ ਅਤੇ ਜਾਗਰੂਕਤਾ ਉੱਤੇ ਜ਼ੋਰ ਦਿੱਤਾ ਗਿਆ ਸੀ। ਵੱਧ ਰਹੀ ਜਾਗਰੂਕਤਾ ਅਤੇ ਸਮਝ ਨੂੰ ਵਧਾਉਣ ਵਿੱਚ ਸਹਾਇਤਾ ਲਈ ਸੁਝਾਵਾਂ ਵਿੱਚ ਸ਼ਾਮਲ ਹਨ:

- ਮੀਡੀਆ ਵਿਚ ਵਿਕਲਾਂਗਤਾਵਾਂ ਵਾਲੇ ਲੋਕਾਂ ਦੀ ਵੱਧਦੀ ਦਿੱਖ
- ਜਨਤਕ ਸਿੱਖਿਆ ਅਭਿਆਨ
- ਇਹ ਸੁਨਿਸ਼ਚਿਤ ਕਰਨਾ ਕਿ ਵਿਕਲਾਂਗਤਾਵਾਂ ਵਾਲੇ ਲੋਕ ਸਰਕਾਰ ਦੀਆਂ ਤਰਜੀਹਾਂ ਵਿਚ ਝਲਕਦੇ ਹਨ ਅਤੇ ਉਨ੍ਹਾਂ ਨੂੰ ਕਾਨੂੰਨ ਦੇ ਵਿਕਾਸ ਵਿਚ ਹਿੱਸਾ ਲੈਣ ਦੇ ਮੌਕੇ ਮਿਲਦੇ ਹਨ;
- ਵੱਖ ਵੱਖ ਪੇਸ਼ਿਆਂ ਲਈ ਲਕਸ਼ਿਤ ਸਿੱਖਿਆ ਅਤੇ ਸਿਖਲਾਈ ਪ੍ਰੋਗਰਾਮਾਂ ਦਾ ਵਿਕਾਸ ਜੋ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਦੇ ਹਨ
- ਸਕੂਲ ਅਤੇ ਯੂਨੀਵਰਸਿਟੀ ਸਿੱਖਿਆ ਪ੍ਰੋਗਰਾਮਾਂ ਵਿਚ ਏਕੀਕਰਣ ਦੇ ਮੌਕਿਆਂ ਨੂੰ ਯਕੀਨੀ ਬਣਾਉਣਾ
- ਪਹੁੰਚਯੋਗਤਾ ਚੈਂਪੀਅਨਾਂ ਦਾ ਜਸ਼ਨ ਮਨਾਉਣਾ
- ਹਮਦਰਦੀ ਅਤੇ ਸੰਵੇਦਨਸ਼ੀਲਤਾ ਸਿਖਲਾਈ

*"ਬਹੁਤ ਸਾਰੀਆਂ ਵਿਕਲਾਂਗਤਾਵਾਂ ਅਦਿੱਖ ਹੁੰਦੀਆਂ ਹਨ। ਰਵੱਈਆਂ ਨੂੰ ਬਦਲਣ ਲਈ ਜਨਤਕ ਸਿੱਖਿਆ ਪ੍ਰੋਗਰਾਮ। ਵਿਕਲਾਂਗ ਹੋਣ ਦੇ ਖਿਲਾਫ ਇੱਕ ਕਲੰਕ ਹੈ ਜੋ ਸਾਨੂੰ ਟੈਕਸ ਅਦਾ ਕਰਨ ਵਾਲਿਆਂ 'ਤੇ ਬੋਝ ਸਮਝਦਾ ਹੈ, ਖ਼ਾਸਕਰ ਜੇ ਇਹ ਨਜ਼ਰ ਨਹੀਂ ਆਉਂਦੇ।"*

*"ਇੱਥੇ ਇੱਕ ਸਭਿਆਚਾਰਕ ਤਬਦੀਲੀ ਦੀ ਜ਼ਰੂਰਤ ਹੈ ਜੋ ਸਰਕਾਰ ਨਾਲ ਸ਼ੁਰੂ ਹੁੰਦੀ ਹੈ।"*

### ਸਮਾਵੇਸ਼ - ਪਹੁੰਚਯੋਗਤਾ ਤੋਂ ਪਰੇ

ਪੂਰੇ ਬੀ.ਸੀ. ਵਿੱਚ, ਲੋਕਾਂ ਨੇ ਅਰਥਪੂਰਨ ਸ਼ਮੂਲੀਅਤ ਪੈਦਾ ਕਰਨ ਲਈ ਕੇਵਲ ਰੁਕਾਵਟਾਂ ਨੂੰ ਦੂਰ ਕਰਨ ਤੋਂ ਪਰੇ ਜਾਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਲੋਕਾਂ ਨੇ ਸਾਰਵਜਨਕ ਥਾਵਾਂ ਦੇ ਸਰਵ ਵਿਆਪਕ ਡਿਜ਼ਾਇਨ ਦੀ ਮਹੱਤਤਾ ਦੇ ਨਾਲ ਨਾਲ ਸਭਿਆਚਾਰਕ ਪ੍ਰੋਗਰਾਮਾਂ ਅਤੇ ਖੇਡਾਂ ਅਤੇ ਮਨੋਰੰਜਨ ਦੀਆਂ ਗਤੀਵਿਧੀਆਂ ਦੇ ਵਿਕਾਸ 'ਤੇ ਜ਼ੋਰ ਦਿੱਤਾ ਜੋ ਸ਼ਮੂਲੀਅਤ ਦੇ ਸੱਚੇ ਸਭਿਆਚਾਰ ਨੂੰ ਉਤਸ਼ਾਹਤ ਕਰਨ ਅਤੇ ਸਮਰਥਨ ਕਰਨ ਵਿਚ ਸਹਾਇਤਾ ਕਰਦੇ ਹਨ ਅਤੇ ਇਹ ਸੁਨਿਸ਼ਚਿਤ ਕਰਨ ਵਿਚ ਮਦਦ ਕਰਦੇ ਹਨ ਕਿ ਸਾਡੀਆਂ ਕਮਿਊਨਿਟਿਆਂ ਸਾਰਿਆਂ ਲਈ ਪਹੁੰਚਯੋਗ ਹਨ।

# ਸੰਖੇਪ ਰਿਪੋਰਟ

## ਐਕਸੈਸਿਬਿਲਟੀ ਲੈਜਿਲੇਸ਼ਨ ਕਨਸਲਟੇਸ਼ਨ (ਪਹੁੰਚਯੋਗਤਾ ਦੇ ਕਾਨੂੰਨ ਬਾਰੇ ਸਲਾਹ-ਮਸ਼ਵਰਾ)

*"ਮੈਂ ਨਹੀਂ ਚਾਹੁੰਦਾ ਕਿ ਲੋਕ ਪ੍ਰੇਰਿਤ ਅਤੇ ਹੈਰਾਨ ਹੋਣਾ ਜਾਰੀ ਰੱਖਣ ਕਿ ਮੈਂ ਸਧਾਰਣ ਗਤੀਵਿਧੀਆਂ ਵਿੱਚ ਹਿੱਸਾ ਲੈਂਦਾ ਹਾਂ। ਪੈਰਾ ਸਪੋਰਟਸ ਜਾਂ ਕਲਾ ਦੇ ਉੱਦਮਾਂ ਨੂੰ ਉਤਸ਼ਾਹਤ ਕਰੋ।"*

*"ਇਹ ਉਹਨਾਂ ਲੋਕਾਂ ਨੂੰ ਸ਼ਾਮਲ ਕਰਨ ਲਈ ਸਾਡੇ ਸਭਿਆਚਾਰ ਨੂੰ ਬਦਲਣ ਬਾਰੇ ਹੈ ਜਿਨ੍ਹਾਂ ਕੋਲ ਕੇਂਦਰੀ ਸਮੂਹਕ ਹਿੱਸੇ ਵਜੋਂ ਪਹੁੰਚਯੋਗ ਚੁਣੌਤੀਆਂ ਹਨ, ਨਾ ਕਿ ਇੱਕ ਐਡ-ਆਨ ਦੀ ਤਰਾਂ।"*

### ਸਰਕਾਰ ਅਗਵਾਈ ਕਰ ਰਹੀ ਹੈ

ਲੋਕਾਂ ਨੇ ਸਾਂਝਾ ਕੀਤਾ ਕਿ ਸਰਕਾਰ ਨੂੰ ਲਾਜ਼ਮੀ ਤੌਰ 'ਤੇ ਸ਼ਮੂਲੀਅਤ ਦੇ ਸਭਿਆਚਾਰ ਨੂੰ ਬਣਾਉਣ ਵਿਚ ਅਗਵਾਈ ਕਰਨੀ ਚਾਹੀਦੀ ਹੈ ਅਤੇ ਰੁਜ਼ਗਾਰ ਲਈ ਪਹੁੰਚਯੋਗਤਾ ਅਤੇ ਸ਼ਮੂਲੀਅਤ ਦੀਆਂ ਰਣਨੀਤੀਆਂ ਦਾ ਵਿਕਾਸ ਕਰਨਾ ਚਾਹੀਦਾ ਹੈ। ਸਲਾਹ-ਮਸ਼ਵਰੇ ਦੌਰਾਨ, ਲੋਕਾਂ ਨੇ ਸਰਕਾਰੀ ਸੇਵਾਵਾਂ ਅਤੇ ਜਾਣਕਾਰੀ ਦੇ ਪਹੁੰਚਯੋਗ ਹੋਣ ਦੀ ਮਹੱਤਤਾ ਨੂੰ ਸਾਂਝਾ ਕੀਤਾ। ਲੋਕਾਂ ਨੇ ਸਰਕਾਰੀ ਦਫਤਰਾਂ ਵਿਚਲੀਆਂ ਪਦਾਰਥਕ ਰੁਕਾਵਟਾਂ ਨੂੰ ਦੂਰ ਕਰਨ ਅਤੇ ਇਹ ਸੁਨਿਸ਼ਚਿਤ ਕਰਨ ਦੀ ਮਹੱਤਤਾ ਬਾਰੇ ਦੱਸਿਆ ਕਿ ਬੀ ਸੀ ਪਬਲਿਕ ਸਰਵਿਸ ਸਟਾਫ ਪਹੁੰਚਯੋਗਤਾ ਨੂੰ ਸਮਝਦਾ ਹੈ ਅਤੇ ਢੁਕਵੇਂ ਸਮਰਥਨਾਂ ਦੇ ਬਾਰੇ ਜਾਣੂ ਹੈ। ਲੋਕਾਂ ਨੇ ਪ੍ਰਮੁੱਖ ਕਮਿਊਨਿਟੀ ਭਾਈਵਾਲਾਂ ਅਤੇ ਹਿੱਸੇਦਾਰਾਂ ਨਾਲ ਮਿਲ ਕੇ ਕੰਮ ਕਰਨਾ ਜਾਰੀ ਰੱਖਣ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ ਜੋ "ਸਾਡੇ ਬਾਰੇ ਕੁਝ ਨਹੀਂ, ਸਾਡੇ ਬਗੈਰ ਕੁਝ ਨਹੀਂ" ਦੇ ਵਿਚਾਰ ਪ੍ਰਤੀ ਵਚਨਬੱਧਤਾ ਨੂੰ ਪਛਾਣਦਾ ਹੈ ਅਤੇ ਦਰਸਾਉਂਦਾ ਹੈ।"

*"ਮੇਰੇ ਖਿਆਲ ਵਿਚ ਤਬਦੀਲੀ ਨੂੰ ਉਪਰੋਂ ਆਉਣ ਦੀ ਜ਼ਰੂਰਤ ਹੈ। ਉਦਾਹਰਣ ਲਈ, ਮੈਂ ਹਾਲ ਹੀ ਵਿੱਚ ਆਪਣੇ ਸਥਾਨਕ ਐਮਰਜੈਂਸੀ ਰੂਮ ਵਿੱਚ ਸੀ ਅਤੇ ਟ੍ਰੈਫਿਕ ਵਿੱਚ ਰੁਕਾਵਟ ਪਾਏ ਬਗੈਰ ਵੀਲਚੇਅਰ ਉਪਯੋਗਕਰਤਾ ਨੂੰ ਸਥਾਪਤ ਕਰਨ ਲਈ ਕੋਈ ਜਗ੍ਹਾ ਨਹੀਂ ਸੀ। ਕੋਈ ਕੁਰਸੀਆਂ ਹਿਲਾਈਆਂ ਨਹੀਂ ਜਾ ਸਕਦੀਆਂ ਸੀ ਕਿਉਂਕਿ ਉਨ੍ਹਾਂ ਨੂੰ ਕੰਧ ਨਾਲ ਬੋਲਟ ਕੀਤਾ ਗਿਆ ਸੀ। ਇਸ ਨੇ ਮੇਰੇ ਲਈ ਇਹ ਉਜਾਗਰ ਕੀਤਾ ਕਿ ਜੇ ਸਰਕਾਰ ਦੀਆਂ ਮੁਹੱਈਆ ਕਰਵਾਈਆਂ ਫੈਸਿਲਟੀਆਂ ਪਹੁੰਚਯੋਗ ਨਹੀਂ ਹੈ ਤਾਂ ਇਸ ਵਿੱਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਪ੍ਰਾਈਵੇਟ ਖੇਤਰ ਦੀਆਂ ਫੈਸਿਲਟੀਆਂ ਵਿੱਚ ਅਜੇ ਵੀ ਚੁਣੌਤੀਆਂ ਹਨ। "*

*"ਮੈਂ ਇਹ ਵੀ ਚਾਹੁੰਦਾ ਹਾਂ ਕਿ ਸਰਕਾਰ ਵਿਕਲਾਂਗ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਵਧਾਉਣ ਦਾ ਯਤਨ ਕਰਦੀ। ਮੈਂ ਪਿਛਲੇ ਪੰਜ ਸਾਲਾਂ ਤੋਂ ਡਿਗਰੀ ਅਤੇ ਪੋਸਟ ਬੈਚਲਰ ਡਿਪਲੋਮਾ ਪ੍ਰਾਪਤ ਕਰਨ ਦੇ ਬਾਵਜੂਦ ਰੁਜ਼ਗਾਰ ਦੇ ਅਵਸਰ ਲੱਭਣ ਲਈ ਸੰਘਰਸ਼ ਕਰ ਰਿਹਾ ਹਾਂ।"*

### ਸਾਰੇ ਅਧਿਕਾਰ ਖੇਤਰਾਂ ਵਿੱਚ ਇਕਸਾਰਤਾ

ਲੋਕਾਂ ਨੇ ਪਹੁੰਚਯੋਗਤਾ ਬਣਾਉਣ ਵਿੱਚ ਸਹਿਯੋਗ ਦੀ ਮਹੱਤਤਾ ਉੱਤੇ ਜ਼ੋਰ ਦਿੱਤਾ। ਅਸੀਂ ਸੁਣਿਆ ਹੈ ਕਿ ਸਾਰੇ ਸੂਬਾਈ ਸਰਕਾਰ ਦੇ ਮੰਤਰਾਲਿਆਂ ਨੂੰ ਬੀ.ਸੀ. ਨੂੰ ਪਹੁੰਚਯੋਗ ਬਣਾਉਣ ਲਈ ਫ਼ੈਡਰਲ ਅਤੇ ਮਿਉਂਸਿਪਲ ਭਾਈਵਾਲਾਂ ਨਾਲ ਮਿਲ ਕੇ ਕੰਮ ਕਰਨ ਦੀ ਲੋੜ ਹੈ। ਸ਼ਮੂਲੀਅਤ ਅਤੇ ਪਹੁੰਚਯੋਗਤਾ ਨੂੰ ਉਤਸ਼ਾਹਤ ਕਰਨ ਲਈ ਫ਼ੈਡਰਲ ਯਤਨਾਂ (*ਐਕਸੈਸਿਬਲ ਕੈਨੇਡਾ ਐਕਟ*) ਦੇ ਪੂਰਕ ਦੇ ਲਈ ਸੂਬਾਈ ਕਾਨੂੰਨ ਹੋਣ 'ਤੇ ਲੋਕਾਂ ਨੇ ਸਾਡੇ ਨਾਲ ਉਨ੍ਹਾਂ ਦੇ ਉਤਸ਼ਾਹ ਨੂੰ ਸਾਂਝਾ ਕੀਤਾ।

*"ਕਾਨੂੰਨ ਦੀ ਹਾਰਮੋਨਾਈਜ਼ੇਸ਼ਨ ਸੂਬਾਈ ਅਤੇ ਮਿਊਂਸੀਪਲ ਕਾਨੂੰਨ ਨੂੰ ਪਹੁੰਚਯੋਗਤਾ ਦੇ ਮਾਪਦੰਡਾਂ ਨੂੰ ਉਲਝਾਉਣ ਨਹੀਂ ਚਾਹੀਦਾ (ਅਰਥਾਤ ਦ ਸਟ੍ਰੈਟਾ ਐਕਟ, ਮਿਊਂਸਪਲ ਪਾਰਕਿੰਗ ਬਾਇ-ਲਾਜ਼)।"*

## ਸੰਖੇਪ ਰਿਪੋਰਟ

## ਐਕਸੈਸਿਬਿਲਟੀ ਲੈਜਿਲੇਸ਼ਨ ਕਨਸਲਟੇਸ਼ਨ (ਪਹੁੰਚਯੋਗਤਾ ਦੇ ਕਾਨੂੰਨ ਬਾਰੇ ਸਲਾਹ-ਮਸ਼ਵਰਾ)

### ਭਾਗ 4 ਅਗਲੇ ਪੜਾਅ/ਸਿੱਟਾ

ਬਹੁਤ ਸਾਰੀਆਂ ਮੀਟਿੰਗਾਂ ਦੁਆਰਾ, ਸਾਖਿਆਤ ਅਤੇ ਵਰਚੁਅਲ, ਅਤੇ ਨਾਲ ਹੀ ਸੁਤੰਤਰ ਕਮਿਊਨਿਟੀ ਗੱਲਬਾਤ ਤੋਂ ਪ੍ਰਾਪਤ ਕੀਤੀਆਂ ਪ੍ਰਤੀਕ੍ਰਿਆਵਾਂ ਤੋਂ, ਅਸੀਂ ਸੁਣਿਆ ਹੈ ਕਿ ਬ੍ਰਿਟਿਸ਼ ਕੋਲੰਬੀਅਨ ਐਕਸੈਸਿਬਿਲਟੀ ਕਾਨੂੰਨ ਦੇ ਫਰੇਮਵਰਕ ਵਿੱਚ ਦੱਸੇ ਅਨੁਸਾਰ ਪਹੁੰਚਯੋਗਤਾ ਦੇ ਕਾਨੂੰਨ ਦੇ ਵਿਕਾਸ ਦਾ ਪੁਰਜ਼ੋਰ ਸਮਰਥਨ ਕਰਦਾ ਹੈ। ਅਸੀਂ ਇਹ ਵੀ ਸੁਣਿਆ ਹੈ ਕਿ ਕਿਸੇ ਅਜਿਹੇ ਸੂਬੇ ਵੱਲ ਵਧਣ ਲਈ ਹੋਰ ਬਹੁਤ ਸਾਰੇ ਕੰਮ ਕਰਨ ਦੀ ਜ਼ਰੂਰਤ ਹੈ ਜੋ ਸਾਰੇ ਲੋਕਾਂ ਲਈ ਸਮਾਵੇਸ਼ੀ ਹੋਵੇ। ਅਸੀਂ ਹਿੱਸਾ ਲੈਣ ਲਈ ਸਮਾਂ ਕੱਢਣ ਅਤੇ ਉਨ੍ਹਾਂ ਦੇ ਵਿਚਾਰਾਂ, ਜੋਸ਼ ਅਤੇ ਪ੍ਰਤੀਬੱਧਤਾ ਨੂੰ ਸਾਂਝਾ ਕਰਨ ਲਈ ਸਭ ਦਾ ਧੰਨਵਾਦ ਕਰਨਾ ਚਾਹੁੰਦੇ ਹਾਂ। ਭਾਵੇਂ ਇਹ ਵਿਕਲਾਂਗਤਾਵਾਂ ਵਾਲੇ ਲੋਕਾਂ ਨੂੰ ਪੇਸ਼ ਆਉਣ ਵਾਲੀਆਂ ਚੁਣੌਤੀਆਂ ਬਾਰੇ ਵਧੇਰੇ ਸਿੱਖਿਆ ਅਤੇ ਜਾਗਰੂਕਤਾ ਦੀ ਜ਼ਰੂਰਤ ਹੈ, ਜਾਂ ਜਿਸ ਤਰ੍ਹਾਂ ਅਸੀਂ ਆਪਣੀਆਂ ਕਮਿਊਨਿਟੀਆਂ ਦੀ ਯੋਜਨਾ ਬਣਾਉਂਦੇ ਹਾਂ ਅਤੇ ਜਿਸ ਢੰਗ ਨਾਲ ਸੇਵਾਵਾਂ ਨੂੰ ਵਿਚਾਰਾਂ ਅਤੇ ਫੀਡਬੈਕ ਦੇ ਮਾਧਿਅਮ ਨਾਲ ਪਹੁੰਚਾਇਆ ਜਾਂਦਾ ਹੈ, ਉਸ ਵਿੱਚ ਵਧੇਰੇ ਸਮਾਵੇਸ਼ੀ ਅਤੇ ਵਿਸ਼ਵਵਿਆਪਕ ਡਿਜ਼ਾਇਨ ਦੀ ਜ਼ਰੂਰਤ ਹੈ। ਇਸ ਨੂੰ ਇੱਕ ਹਕੀਕਤ ਬਣਾਉਣ ਲਈ, ਇੱਕ ਪ੍ਰਾਂਤ ਦੇ ਰੂਪ ਵਿੱਚ ਸਾਨੂੰ ਰੁਜ਼ਗਾਰ, ਆਵਾਜਾਈ, ਰਿਹਾਇਸ਼, ਸਿਹਤ ਦੇਖਭਾਲ, ਸਿੱਖਿਆ, ਨਿਰਮਿਤ ਵਾਤਾਵਰਣ ਦੇ ਨਾਲ ਨਾਲ ਸੇਵਾ ਡਲਿਵਰੀ (ਪਬਲਿਕ ਅਤੇ ਪ੍ਰਾਈਵੇਟ) ਦੇ ਖੇਤਰ ਵਿੱਚ ਮੋਹਰੀ ਪ੍ਰਥਾਵਾਂ ਨੂੰ ਵਿਕਸਤ ਕਰਨ ਅਤੇ ਅਪਣਾਉਣ ਵੱਲ ਕੰਮ ਕਰਨਾ ਜਾਰੀ ਰੱਖਣਾ ਚਾਹੀਦਾ ਹੈ।

ਜੋ ਇਨਪੁਟ ਅਤੇ ਫੀਡਬੈਕ ਅਸੀਂ ਜਨਤਕ ਸਲਾਹ-ਮਸ਼ਵਰੇ ਦੁਆਰਾ ਸੁਣੀ ਸੀ, ਬੀ.ਸੀ. ਦੁਆਰਾ ਵਿਚਾਰੀ ਜਾਵੇਗੀ। ਸਰਕਾਰ ਅਤੇ ਨਵੇਂ ਪਹੁੰਚਯੋਗਤਾ ਦੇ ਕਾਨੂੰਨ ਦੇ ਵਿਕਾਸ ਨੂੰ ਸੂਚਿਤ ਕਰਨ ਵਿੱਚ ਸਹਾਇਤਾ। ਨਾਲ ਹੀ, ਬੀ.ਸੀ. ਸਰਕਾਰ ਵਿਕਲਾਂਗਤਾਵਾਂ ਵਾਲੇ ਵਿਅਕਤੀਆਂ, ਸਥਾਨਕ ਸਰਕਾਰਾਂ, ਸਵਦੇਸ਼ੀ ਲੋਕ ਅਤੇ ਪ੍ਰਮੁੱਖ ਹਿੱਸੇਦਾਰ ਸਮੂਹਾਂ ਅਤੇ ਸੰਸਥਾਵਾਂ ਦੇ ਵਿਕਾਸ ਦੇ ਮਾਪਦੰਡਾਂ ਅਤੇ ਇਸ ਤੋਂ ਬਾਅਦ ਦੇ ਨਿਯਮਾਂ ਵਿਚ ਸ਼ਾਮਲ ਕਰਨਾ ਜਾਰੀ ਰੱਖੇਗੀ।

## ਸੰਖੇਪ ਰਿਪੋਰਟ

## ਐਕਸੈਸਿਬਿਲਟੀ ਲੈਜਿਲੇਸ਼ਨ ਕਨਸਲਟੇਸ਼ਨ (ਪਹੁੰਚਯੋਗਤਾ ਦੇ ਕਾਨੂੰਨ ਬਾਰੇ ਸਲਾਹ-ਮਸ਼ਵਰਾ)

**ਅੰਤਿਕਾ 1 - ਪਹੁੰਚਯੋਗਤਾ ਕਾਨੂੰਨ - ਔਨਲਾਈਨ ਪ੍ਰਸ਼ਨਾਵਲੀ**

**1. ਕੀ ਤੁਹਾਨੂੰ ਰੋਜ਼ਮਰ੍ਹਾ ਦੀ ਜ਼ਿੰਦਗੀ ਵਿਚ ਪਹੁੰਚਯੋਗਤਾ ਅਤੇ ਸਮਾਵੇਸ਼ ਵਿਚ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ?** [ਇੱਕੋ ਚੋਣ]

- ਹਾਂ
- ਕੋਈ ਜੋ ਮੇਰੇ ਨੇੜੇ ਹੈ, ਉਹ ਨਿਯਮਤ ਅਧਾਰ ਤੇ ਰੁਕਾਵਟਾਂ ਦਾ ਸਾਹਮਣਾ ਕਰਦਾ ਹੈ।
- ਨਹੀਂ
- ਅਨਿਸ਼ਚਿਤ

**1a. ਵਿਕਲਪਿਕ: ਕੁਝ ਵਾਕਾਂ ਵਿੱਚ, ਕਿਰਪਾ ਕਰਕੇ ਪਹੁੰਚ ਅਤੇ ਸ਼ਮੂਲੀਅਤ ਦੇ ਨਾਲ ਆਪਣੇ ਤਜ਼ਰਬਿਆਂ ਦਾ ਵਰਣਨ ਕਰੋ। ਕਿਰਪਾ ਕਰਕੇ ਅਜਿਹੀ ਕੋਈ ਜਾਣਕਾਰੀ ਸ਼ਾਮਲ ਨਾ ਕਰੋ ਜੋ ਤੁਹਾਡੀ ਜਾਂ ਦੂਜਿਆਂ ਦੀ ਪਛਾਣ ਕਰੇ।** [1000 ਅੱਖਰਾਂ ਦਾ ਓਪਨ ਟੈਕਸਟ ਬਾਕਸ]

**2. ਬ੍ਰਿਟਿਸ਼ ਕੋਲੰਬੀਆ ਦਾ ਪ੍ਰਾਂਤ ਨਵੇਂ ਪਹੁੰਚਯੋਗਤਾ ਕਾਨੂੰਨ ਦਾ ਵਿਕਾਸ ਕਰ ਰਿਹਾ ਹੈ ਜੋ ਪਹੁੰਚਯੋਗਤਾ ਦੇ ਮਿਆਰਾਂ ਨੂੰ ਬਣਾਉਣ ਦੀ ਆਗਿਆ ਦੇਵੇਗਾ। ਇਹ ਮਾਪਦੰਡ ਕਈ ਕਿਸਮਾਂ ਦੇ ਖੇਤਰਾਂ ਨੂੰ ਸ਼ਾਮਲ ਕਰ ਸਕਦੇ ਹਨ:**

- ਸਰਵਿਸ ਡਲਿਵਰੀ (ਉਦਾਹਰਣ ਲਈ ਸਿਹਤ ਸੇਵਾਵਾਂ, ਕਸਟਮਰ ਸਰਵਿਸਿਜ਼, ਸਿੱਖਿਆ)
- ਰੁਜ਼ਗਾਰ (ਉਦਾਹਰਣ ਲਈ ਹਾਇਰਿੰਗ ਅਤੇ ਰਿਟੈਂਸ਼ਨ)
- ਭੌਤਿਕ ਵਾਤਾਵਰਣ (ਉਦਾਹਰਣ ਲਈ ਪ੍ਰਵੇਸ਼ ਦੇ ਤਰੀਕੇ, ਪਾਰਕ, ਫੁੱਟਪਾਥ, ਪਾਰਕਿੰਗ)
- ਜਾਣਕਾਰੀ ਅਤੇ ਸੰਚਾਰ (ਉਦਾਹਰਣ ਲਈ ਵੈਬਸਾਈਟਾਂ, ਪ੍ਰਿੰਟ ਸਮਗਰੀਆਂ, ਐਮਰਜੈਂਸੀ ਜਾਣਕਾਰੀ)
- ਟ੍ਰਾਂਸਪੋਰਟੇਸ਼ਨ (ਉਦਾਹਰਣ ਲਈ ਬੱਸ, ਫੈਰੀਆਂ, ਟੈਕਸੀਆਂ)

**ਕਿਰਪਾ ਕਰਕੇ ਇਨ੍ਹਾਂ ਖੇਤਰਾਂ ਨੂੰ ਆਪਣੀ ਜਾਂ ਤੁਹਾਡੇ ਨੇੜੇ ਦੇ ਲੋਕਾਂ ਦੀ ਮਹੱਤਤਾ ਦੇ ਅਨੁਸਾਰ ਰੈਂਕ ਦਿਓ।** [ਰੇਟਿੰਗ, ਸਕੇਲਡ ਜਵਾਬ - ਬਿਲਕੁਲ ਵੀ ਮਹੱਤਵਪੂਰਣ ਨਹੀਂ ਤੋਂ ਬਹੁਤ ਮਹੱਤਵਪੂਰਣ]

**2a. ਵਿਕਲਪਿਕ: ਕੀ ਪਹੁੰਚਯੋਗਤਾ ਅਤੇ ਸ਼ਮੂਲੀਅਤ ਦੇ ਕੋਈ ਹੋਰ ਖੇਤਰ ਹਨ ਜੋ ਤੁਹਾਡੇ ਲਈ ਮਹੱਤਵਪੂਰਣ ਹਨ? ਕਿਰਪਾ ਕਰਕੇ ਸਾਨੂੰ ਹੋਰ ਦੱਸੋ।** [500 ਅੱਖਰਾਂ ਦਾ ਓਪਨ ਟੈਕਸਟ ਬਾਕਸ]

**3. ਹੇਠਾਂ ਦਿੱਤੇ ਵਿਕਲਪਾਂ ਵਿੱਚੋਂ, ਤੁਸੀਂ ਕੀ ਸੋਚਦੇ ਹੋ ਕਿ ਵਿਅਕਤੀਆਂ, ਜਨਤਕ ਅਤੇ ਨਿਜੀ ਸੰਸਥਾਵਾਂ ਨੂੰ ਨਵੇਂ ਪਹੁੰਚਯੋਗ ਕਾਨੂੰਨ ਦੀ ਪਾਲਣਾ ਕਰਨ ਲਈ ਕਿਹੜੇ ਉਪਾਅ ਕਰਨੇ ਚਾਹੀਦੇ ਹਨ? ਲਾਗੂ ਹੋਣ ਵਾਲੇ ਸਾਰਿਆਂ ਦੀ ਚੋਣ ਕਰੋ।** [ਮਲਟੀਪਲ ਚੋਣ ਜਵਾਬ - ਲਾਗੂ ਹੋਣ ਵਾਲੇ ਸਾਰਿਆਂ 'ਤੇ ਚੈੱਕ ਲਗਾਓ]

- ਪਹੁੰਚਯੋਗਤਾ ਦੀਆਂ ਯੋਜਨਾਵਾਂ ਅਤੇ ਪ੍ਰਗਤੀ ਰਿਪੋਰਟਾਂ
- ਵਿੱਤੀ ਜ਼ੁਰਮਾਨੇ
- ਪਹੁੰਚਯੋਗਤਾ ਇੰਸਪੈਕਸ਼ਨਾਂ
- ਸੰਗਠਨਾਂ ਲਈ ਸਹਾਇਤਾ, ਸਿਖਲਾਈ ਅਤੇ/ਜਾਂ ਸਰੋਤਾਂ ਦੀ ਸਿਰਜਣਾ

- ਲੋਕਾਂ ਅਤੇ ਸੰਗਠਨਾਂ ਲਈ ਪਹੁੰਚਯੋਗਤਾ ਪੁਰਸਕਾਰਾਂ ਦੀ ਸਿਰਜਣਾ
- ਪਹੁੰਚਯੋਗਤਾ ਨੂੰ ਬਿਹਤਰ ਬਣਾਉਣ ਲਈ ਫੰਡਿੰਗ ਪ੍ਰੋਗਰਾਮ
- ਹੋਰ, ਕਿਰਪਾ ਕਰਕੇ ਸਪਸ਼ਟ ਕਰੋ: [1000 ਅੱਖਰਾਂ ਦਾ ਓਪਨ ਟੈਕਸਟ ਬਾਕਸ]।

**4. ਕਿਰਪਾ ਕਰਕੇ ਦੱਸੋ ਕਿ ਤੁਸੀਂ ਇਸ ਕਾਨੂੰਨ ਦੇ ਪ੍ਰਭਾਵੀ ਹੋਣ ਲਈ ਹੇਠ ਲਿਖਿਆਂ ਵਿੱਚੋਂ ਹਰੇਕ ਨੂੰ ਕਿੰਨਾ ਮਹੱਤਵਪੂਰਣ ਮੰਨਦੇ ਹੋ:** [ਰੇਟਿੰਗ, ਸਕੇਲਡ ਜਵਾਬ - ਬਿਲਕੁਲ ਵੀ ਮਹੱਤਵਪੂਰਨ ਨਹੀਂ ਤੋਂ ਬਹੁਤ ਮਹੱਤਵਪੂਰਨ]

- ਸਮੇਂ ਸੀਮਾਵਾਂ (ਉਦਾਹਰਣ ਲਈ, ਮੈਂ ਚਾਹਵਾਂਗਾ ਕਿ ਨਵੇਂ ਕਾਨੂੰਨ ਅਤੇ ਮਿਆਰ ਜਲਦੀ ਵਾਪਰਨ)
- ਵਿਕਲਾਂਗਤਾਵਾਂ ਵਾਲੇ ਲੋਕਾਂ ਦੀ ਸ਼ਮੂਲੀਅਤ (ਉਦਾਹਰਣ ਲਈ ਮੈਂ ਚਾਹੁੰਦਾ ਹਾਂ ਕਿ ਵਿਕਲਾਂਗਤਾਵਾਂ ਵਾਲੇ ਲੋਕਾਂ ਦੀ ਕਾਨੂੰਨ ਅਤੇ ਮਾਪਦੰਡਾਂ ਦੇ ਵਿਕਾਸ ਦੀ ਇਸ ਪ੍ਰਕਿਰਿਆ ਵਿਚ ਸੁਣਵਾਈ ਹੋਵੇ)
- ਉਹਨਾਂ ਸੰਗਠਨਾਂ ਦੀ ਸ਼ਮੂਲੀਅਤ ਜੋ ਪਹੁੰਚਯੋਗਤਾ ਅਤੇ ਸ਼ਮੂਲੀਅਤ ਦਾ ਸਮਰਥਨ ਕਰਦੇ ਹਨ (ਉਦਾਹਰਣ ਲਈ, ਮੈਂ ਚਾਹੁੰਦਾ ਹਾਂ ਕਿ ਕਾਨੂੰਨ ਅਤੇ ਮਾਪਦੰਡਾਂ ਦੇ ਵਿਕਾਸ ਦੀ ਪ੍ਰਕਿਰਿਆ ਦੇ ਹਿੱਸੇ ਵਜੋਂ ਪਹੁੰਚਯੋਗਤਾ ਮਾਹਰਾਂ ਅਤੇ ਕਮਿਊਨਿਟੀ ਸੰਗਠਨਾਂ ਨਾਲ ਸਲਾਹ ਕੀਤੀ ਜਾਵੇ)
- ਬ੍ਰਿਟਿਸ਼ ਕੋਲੰਬੀਆ ਤੋਂ ਬਾਹਰ ਪਹੁੰਚਯੋਗਤਾ ਕਾਨੂੰਨਾਂ ਅਤੇ ਮਿਆਰਾਂ ਨਾਲ ਇਕਸਾਰਤਾ
- ਪਹੁੰਚਯੋਗਤਾ ਦੇ ਦੁਆਲੇ ਆਮ ਸਭਿਆਚਾਰ ਵਿੱਚ ਪਰਿਵਰਤਨ ਦਾ ਸਮਰਥਨ ਕਰਨ ਲਈ ਸਾਧਨ

**5. ਬੀ.ਸੀ. ਵਿਚ ਪਹੁੰਚਯੋਗਤਾ ਕਾਨੂੰਨ ਬਣਾਉਣ ਤੋਂ ਇਲਾਵਾ, ਸਾਡੇ ਸੂਬੇ ਵਿਚ ਪਹੁੰਚਯੋਗਤਾ ਦਾ ਸਮਰਥਨ ਕਰਨ ਲਈ ਅਸੀਂ ਹੋਰ ਕੀ ਕਰ ਸਕਦੇ ਹਾਂ? ਕੀ ਤੁਹਾਡੀਆਂ ਕੋਈ ਵਾਧੂ ਟਿੱਪਣੀਆਂ ਹਨ?** [1000 ਅੱਖਰਾਂ ਦਾ ਓਪਨ ਟੈਕਸਟ ਬਾੱਕਸ ਜਵਾਬ]

**6. ਇਸ ਸਰਵੇਖਣ ਨੂੰ ਪੂਰਾ ਕਰਨ ਲਈ ਤੁਹਾਡਾ ਧੰਨਵਾਦ। ਇਸ ਜਨਤਕ ਸਲਾਹ-ਮਸ਼ਵਰੇ ਦੌਰਾਨ, ਬੀ.ਸੀ. ਸੂਬਾ ਨਾਗਰਿਕਾਂ ਨੂੰ ਫੀਡਬੈਕ ਦੇਣ ਲਈ ਕਈ ਤਰੀਕਿਆਂ ਦੀ ਪੇਸ਼ਕਸ਼ ਕਰੇਗਾ। ਤੁਸੀਂ ਹੋਰ ਕਿਹੜੇ ਤਰੀਕਿਆਂ ਨਾਲ ਇਸ ਪ੍ਰਕਿਰਿਆ ਵਿਚ ਹਿੱਸਾ ਲੈਣ ਦੀ ਯੋਜਨਾ ਬਣਾ ਰਹੇ ਹੋ?** [ਮਲਟੀਪਲ ਚੋਣ ਜਵਾਬ - ਲਾਗੂ ਹੋਣ ਵਾਲੇ ਸਾਰਿਆਂ ਤੇ ਚੈੱਕ ਲਗਾਓ]

- ਪਹੁੰਚਯੋਗਤਾ ਕਾਨੂੰਨ ਬਾਰੇ ਔਨਲਾਈਨ ਵਰਚੁਅਲ ਟਾਉਨਹਾਲ ਵਿੱਚ ਸ਼ਾਮਲ ਹੋਣਾ
- ਪਹੁੰਚਯੋਗਤਾ ਕਾਨੂੰਨ ਬਾਰੇ ਸਾਖਿਆਤ ਕਮਿਊਨਿਟੀ ਮੀਟਿੰਗ ਵਿੱਚ ਸ਼ਾਮਲ ਹੋਣਾ
- ਮੇਰੀਆਂ ਤਰਜੀਹਾਂ ਅਤੇ ਇਸ ਕਾਨੂੰਨ ਦਾ ਮੇਰੇ ਤੇ ਕੀ ਅਸਰ ਪਏਗਾ ਬਾਰੇ ਲਿਖਤੀ ਬੇਨਤੀ ਤਿਆਰ ਕਰਨਾ
- ਮੈਨੂੰ ਪੱਕਾ ਯਕੀਨ ਨਹੀਂ ਹੈ ਕਿ ਮੈਂ ਅੱਗੇ ਹਿੱਸਾ ਲਵਾਂਗਾ ਜਾਂ ਨਹੀਂ
- ਮੈਂ ਅੱਗੇ ਹਿੱਸਾ ਲੈਣ ਦੀ ਯੋਜਨਾ ਨਹੀਂ ਬਣਾ ਰਿਹਾ

# ਸੰਖੇਪ ਰਿਪੋਰਟ

## ਐਕਸੈਸਿਬਿਲਟੀ ਲੈਜਿਲੇਸ਼ਨ ਕਨਸਲਟੇਸ਼ਨ (ਪਹੁੰਚਯੋਗਤਾ ਦੇ ਕਾਨੂੰਨ ਬਾਰੇ ਸਲਾਹ-ਮਸ਼ਵਰਾ)

### ਅੰਤਿਕਾ 2 - ਪੇਸ਼ਕਸ਼ਾਂ ਦੀ ਸੂਚੀ

ਸਬਮੀਸ਼ਨਾਂ https://engage.gov.bc.ca/accessibility/written-submissions/ 'ਤੇ ਔਨਲਾਈਨ ਉਪਲਬਧ ਹਨ।

ਹੇਠ ਲਿਖੀਆਂ ਸੰਸਥਾਵਾਂ ਨੇ ਜਨਤਕ ਸਲਾਹ-ਮਸ਼ਵਰੇ ਦੀ ਮਿਆਦ ਦੌਰਾਨ ਰਸਮੀ ਲਿਖਤ ਬੇਨਤੀਆਂ ਕੀਤੀਆਂ:

- ਅਮੈਲਗਮੇਟਿਡ ਟਰਾਂਜ਼ਿਟ ਯੂਨੀਅਨ (Amalgamated Transit Union)
- ਏਓਡੀਏ ਅਲਾਇੰਸ (AODA Alliance)
- ਬੀ.ਸੀ. ਗਵਰਮੈਂਟ ਇਮਪਲੋਈ ਯੂਨੀਅਨ (B.C. Government Employees Union)
- ਬੀ.ਸੀ. ਹਾਊਸਿੰਗ ਮੈਨੇਜਮੈਂਟ ਕਮਿਸ਼ਨ (B.C. Housing Management Commission)
- ਬੀ.ਸੀ. ਹਾਈਡ੍ਰੋ (B.C. Hydro)
- ਬੀ.ਸੀ. ਪਬਲਿਕ ਸਰਵਿਸ ਇਮਪਲੋਈ ਐਕਸੈਸਿਬਿਲਿਟੀ ਐਡਵਾਈਜ਼ਰੀ ਕਾਊਂਸਲ (B.C. Public Service Employee Accessibility Advisory Council)
- ਬੀ.ਸੀ. ਸਕਿਜ਼ੋਫਰੇਨੀਆ ਸੁਸਾਇਟੀ (B.C. Schizophrenia Society)
- ਬੀ.ਸੀ. ਸਕੂਲ ਟਰੱਸਟੀਜ਼ ਅਸੋਸੀਏਸ਼ਨ (B.C. School Trustees Association)
- ਬੀ.ਸੀ. ਸਪਾਈਨਲ ਕੌਰਡ ਇੰਜਰੀ ਨੈਟਵਰਕ (B.C. Spinal Cord Injury Network)
- ਬੀਕਨ ਕਮਿਊਨਿਟੀ ਸਰਵਿਸਿਜ਼ (Beacon Community Services)
- ਬਰੌਡਬੈਂਟ ਇੰਸਟੀਟਿਊਟ (Broadbent Institute)
- ਕੈਨੇਡੀਅਨ ਅਸੋਸੀਏਸ਼ਨ ਔਫ਼ ਔਕਿਉਪੇਸ਼ਨਲ ਥੈਰੇਪਿਸਟਸ ਬੀ.ਸੀ. (Canadian Association of Occupational Therapists B.C.)
- ਕੈਨੇਡੀਅਨ ਫੈਡਰੇਸ਼ਨ ਔਫ਼ ਦ ਬਲਾਇੰਡ (Canadian Federation of the Blind)
- ਕੈਨੇਡੀਅਨ ਹੋਮਬਿਲਡਰਜ਼ ਅਸੋਸੀਏਸ਼ਨ (Canadian Homebuilders Association)
- ਕੈਨੇਡੀਅਨ ਲਾਈਫ ਐਂਡ ਹੈਲਥ ਇੰਸ਼ੋਰੈਂਸ ਅਸੋਸੀਏਸ਼ਨ (Canadian Life and Health Insurance Association)
- ਕੈਨੇਡੀਅਨ ਮੈਂਟਲ ਹੈਲਥ ਅਸੋਸੀਏਸ਼ਨ ਬੀ.ਸੀ. (Canadian Mental Health Association B.C.)
- ਕੈਨੇਡੀਅਨ ਨੈਸ਼ਨਲ ਇੰਸਟੀਟਿਊਟ ਫ਼ੌਰ ਦ ਬਲਾਇੰਡ (Canadian National Institute for the Blind)
- ਸੈਂਟਰ ਫ਼ੌਰ ਐਕਸੈਸਿਬਲ ਪੋਸਟ-ਸੈਕੰਡਰੀ ਐਜੁਕੇਸ਼ਨ ਰਿਸੋਰਸਿਜ਼ ਬੀ.ਸੀ. (Centre for Accessible Post-Secondary Education Resources B.C.)
- ਕਮਿਊਨਿਟੀ ਲੀਗਲ ਅਸਿਸਟੈਂਸ ਸੁਸਾਇਟੀ (Community Legal Assistance Society)
- ਡਗਲਸ ਕੌਲੇਜ (Douglas College)
- ਫਸਟ ਨੇਸ਼ਨਜ਼ ਹੈਲਥ ਅਥੌਰਿਟੀ (First Nations Health Authority)
- ਹੈਰੀਟੇਜ ਬੀਸੀ (Heritage BC)
- ਲੁਕਵੀਆਂ ਗਤੀਸ਼ੀਲਤਾ ਵਿਕਲਾਂਗਤਾਵਾਂ
- ਹੰਟਿੰਗਟਨ ਸੁਸਾਇਟੀ (Huntington Society)
- ਇੰਕਲੂਜ਼ਨ ਬੀ. ਸੀ. (Inclusion B.C)
- ਇਨਫਰਮੇਸ਼ਨ ਟੈਕਨੋਲੋਜੀ ਅਸੋਸੀਏਸ਼ਨ ਔਫ਼ ਕੈਨੇਡਾ ਐਂਡ ਇਨਫਰਮੇਸ਼ਨ ਟੈਕਨੋਲੋਜੀ ਇੰਡਸਟਰੀ ਕਾਉਂਸਲ (Information Technology Association of Canada and Information Technology Industry Council)
- ਇੰਟਰਨੈਸ਼ਨਲ ਕੋਲੈਬਰੇਸ਼ਨ ਔਨ ਰਿਪੇਅਰ ਡਿਸਕਵਰੀ (International Collaboration on Repair Discovery)
- ਲਿਫਟ (Lyft)

# ਸੰਖੇਪ ਰਿਪੋਰਟ

## ਐਕਸੈਸਿਬਿਲਟੀ ਲੈਜਿਲੇਸ਼ਨ ਕਨਸਲਟੇਸ਼ਨ (ਪਹੁੰਚਯੋਗਤਾ ਦੇ ਕਾਨੂੰਨ ਬਾਰੇ ਸਲਾਹ-ਮਸ਼ਵਰਾ)

- ਮਾਰਚ ਔਫ਼ ਡਾਈਮਜ਼ ਕੈਨੇਡਾ/ਸਟ੍ਰੋਕ ਰਿਕਵਰੀ ਅਸੋਸੀਏਸ਼ਨ ਔਫ਼ ਬੀ.ਸੀ. (March of Dimes Canada/Stroke Recovery Association of B.C.)
- ਮਲਟੀਪਲ ਸਕਲੇਰੋਸਿਸ ਸੁਸਾਇਟੀ ਔਫ਼ ਕੈਨੇਡਾ (Multiple Sclerosis Society of Canada)
- ਮਾਈਐਲਜਿਕ ਐਨਸੇਫੈਲੋਮਾਈਲਿਟਿਸ ਐਂਡ ਫਾਈਬਰੋਮਾਈਲਜੀਆ ਸੁਸਾਇਟੀ (Myalgic Encephalomyelitis and Fibromyalgia Society)
- ਨੈਸ਼ਨਲ ਇੰਸਟੀਟਿਊਟ ਔਫ਼ ਡਿਸਅਬਿਲਿਟੀ ਮੈਨੇਜਮੈਂਟ ਐਂਡ ਰਿਸਰਚ (National Institute of Disability Management and Research)
- ਨਾਇਡਸ (Nidus)
- ਨੌਰਥ ਸ਼ੋਰ ਐਡਵਾਇਜ਼ਰੀ ਕਮਿਟੀ ਐਂਡ ਡਿਸਅਬਿਲਿਟੀ ਇਸ਼ੂਜ਼ (North Shore Advisory Committee on Disability Issues)
- ਪ੍ਰੈਜ਼ੀਡੈਂਟਸ ਗਰੁੱਪ (Presidents Group)
- ਪ੍ਰਿਜ਼ਨਰਜ਼ ਲੀਗਲ ਸਰਵਿਸਿਜ਼ (Prisoners' Legal Services)
- ਪ੍ਰੋਵਿੰਸ਼ੀਅਲ ਰਿਸੋਰਸ ਸੈਂਟਰ ਫ਼ੌਰ ਦ ਵਿਜ਼ੁਅਲੀ ਇਮਪੇਅਰਡ ਐਂਡ ਦ ਐਕਸੈਸਿਬਲ ਰਿਸੋਰਸ ਸੈਂਟਰ ਬੀ. ਸੀ. (Provincial Resource Centre for the Visually Impaired and the Accessible Resource Centre B.C.)
- ਰੀਅਲਵੀਲਜ਼ (Realwheels)
- ਰਿਕ ਹੈਨਸਨ ਫਾਉਂਡੇਸ਼ਨ (Rick Hansen Foundation)
- ਸਕੂਲ ਡਿਸਟ੍ਰਿਕਟ 74 (School District 74)
- ਸਾਈਮਨ ਫਰੇਜ਼ਰ ਯੂਨੀਵਰਸਿਟੀ ਸਟੂਡੈਂਟ ਸੁਸਾਇਟੀ (Simon Fraser University Student Society)
- ਸਰੀ ਬੋਰਡ ਔਫ਼ ਟ੍ਰੇਡ (Surrey Board of Trade)
- ਦ ਵੌਰ ਅਮੈਪਸ (The War Amps)
- ਟ੍ਰਾਂਸਲਿੰਕ (TransLink)
- ਟ੍ਰੈਵਲ ਫ਼ੌਰ ਔਲ (Travel For All)
- ਵੈਨਸਿਟੀ (Vancity)
- ਵੋਕਲਆਈ (VocalEye)
- ਵੌਇਸ ਔਫ਼ ਦ ਸੈਰੀਬ੍ਰੱਲ ਪਾਲਸੀਡ ਔਫ਼ ਗ੍ਰੇਟਰ ਵੈਨਕੂਵਰ (Voice of the Cerebral Palsied of Greater Vancouver)
- ਵੇਵਫਰੰਟ ਸੈਂਟਰ ਫ਼ੌਰ ਕਮਿਊਨੀਕੇਸ਼ਨ ਐਕਸੈਸਿਬਿਲਟੀ (Wavefront Centre for Communication Accessibility)

ਹੇਠ ਲਿਖੀਆਂ ਸਥਾਨਕ ਸਰਕਾਰਾਂ ਨੇ ਬੇਨਤੀਆਂ ਕੀਤੀਆਂ:

- ਸਿਟੀ ਔਫ਼ ਵੈਨਕੂਵਰ (City of Vancouver)
- ਸਿਟੀ ਔਫ਼ ਵਿਕਟੋਰੀਆ (City of Victoria)
- ਯੂਨੀਅਨ ਔਫ਼ ਬ੍ਰਿਟਿਸ਼ ਕੋਲੰਬੀਆ ਮਿਊਨਿਸਿਪੈਲਿਟੀਜ਼ (ਯੂਬੀਸੀਐੱਮ) (Union of British Columbia Municipalities (UBCM))
- ਵਿਲੇਜ ਔਫ਼ ਕੰਬਰਲੈਂਡ (Village of Cumberland)

**ਅੰਤਿਕਾ 3 - ਸੰਸਥਾਵਾਂ ਅਤੇ ਸਥਾਨਕ ਸਰਕਾਰਾਂ ਜਿਨ੍ਹਾਂ ਨੂੰ ਸੁਤੰਤਰ ਕਮਿਊਨਿਟੀ ਸੰਵਾਦਾਂ ਦੀ ਮੇਜ਼ਬਾਨੀ ਲਈ ਫੰਡ ਪ੍ਰਾਪਤ ਹੋਏ**

ਹੇਠ ਲਿਖੀਆਂ ਸੰਸਥਾਵਾਂ ਨੂੰ ਸੁਤੰਤਰ ਕਮਿਊਨਿਟੀ ਗੱਲਬਾਤ ਅਤੇ ਤਿਆਰ ਕੀਤੀਆਂ ਬੇਨਤੀਆਂ ਦਾ ਸਮਰਥਨ ਕਰਨ ਲਈ ਫੰਡ ਪ੍ਰਾਪਤ ਹੋਏ:

- ਔਟਿਸਟਿਕਸ ਯੂਨਾਈਟਿਡ ਕੈਨੇਡਾ - ਨਿਊਰੋਡਾਈਵਰਸਿਟੀ ਲਿਸਨਿੰਗ ਸੁਸਾਇਟੀ (Autistics United Canada - Neurodiversity Listening Society)
- ਬੀਸੀ ਕੋਅਲੀਸ਼ਨ ਔਫ਼ ਗਾਈਡ ਡੌਗਜ਼/ਕੈਨੇਡੀਅਨ ਕਾਊਂਸਲ ਔਫ਼ ਦ ਬਲਾਇੰਡ (BC Coalition of Guide Dogs/Canadian Council of the Blind)
- ਬੀਸੀ ਪੀਪਲ ਫਸਟ (BC People First)
- ਬੀਸੀ ਪਾਵਰਟੀ ਰਿਡਕਸ਼ਨ ਕੋਅਲੀਸ਼ਨ (BC Poverty Reduction Coalition)
- ਬੀਕਨ ਕਮਿਊਨਿਟੀ ਸਰਵਿਸਿਜ਼ (Beacon Community Services)
- ਬੇਟਾ ਕਲੈਕਟਿਵ/ਗ੍ਰੇਟਰ ਵੈਨਕੂਵਰ ਅਸੋਸੀਏਸ਼ਨ (Beta Collective/Greater Vancouver Association)
- ਕੈਨੇਡੀਅਨ ਹਾਰਡ ਔਫ਼ ਹਿਅਰਿੰਗ ਅਸੋਸੀਏਸ਼ਨ - ਬੀਸੀ ਚੈਪਟਰ (Canadian Hard of Hearing Association - BC Chapter)
- ਕੈਂਪਬੈਲ ਰਿਵਰ ਐਂਡ ਡਿਸਟ੍ਰਿਕਟ ਅਸੋਸੀਏਸ਼ਨ ਫ਼ੌਰ ਕਮਿਊਨਿਟੀ ਲਿਵਿੰਗ (Campbell River and District Association for Community Living)
- ਕੈਪਿਲੈਨੋ ਸਟੂਡੈਂਟਸ ਯੂਨੀਅਨ (Capilano Students' Union)
- ਚਿਲੀਵੈਕ ਸੁਸਾਇਟੀ ਫ਼ੌਰ ਕਮਿਊਨਿਟੀ ਲਿਵਿੰਗ (Chilliwack Society for Community Living)
- ਸਿਟੀਜ਼ਨਜ਼ ਫ਼ੌਰ ਐਕਸੈਸਿਬਲ ਨੇਬਰਹੁੱਡਜ਼ (ਸੀਏਐੱਨ) (Citizens for Accessible Neighbourhoods (CAN))
- ਕਮਿਊਨਿਟੀ ਕਨੈਕਸ਼ਨਜ਼ (Community Connections)
- ਕਮਿਊਨਿਟੀ ਕਾਊਂਸਲ ਸੀਐਲਬੀਸੀ (ਕਮਿਊਨਿਟੀ ਲਿਵਿੰਗ ਬੀ ਸੀ) (Community Council CLBC (Community Living BC))
- ਕੋਕਵਿਟਲਾਮ ਪਬਲਿਕ ਲਾਇਬ੍ਰੇਰੀ (Coquitlam Public Library)
- ਡਿਸਅਬਿਲਿਟੀ ਅਲਾਇੰਸ ਬੀਸੀ (Disability Alliance BC)

## ਸੰਖੇਪ ਰਿਪੋਰਟ

## ਐਕਸੈਸਿਬਿਲਟੀ ਲੈਜਿਲੇਸ਼ਨ ਕਨਸਲਟੇਸ਼ਨ (ਪਹੁੰਚਯੋਗਤਾ ਦੇ ਕਾਨੂੰਨ ਬਾਰੇ ਸਲਾਹ-ਮਸ਼ਵਰਾ)

- ਐਂਬਰਸ ਈਸਟਸਾਈਡ ਵਰਕਸ (Embers Eastside Works)
- ਫੁੱਟਪ੍ਰਿੰਟਸ ਸੈਂਟਰ ਨੀਲ ਸਕੁਆਇਰ ਸੁਸਾਇਟੀ ਐਂਡ ਪੈਂਟਿਕਟਨ ਇੰਡੀਅਨ ਬੈਂਡ (Footprints Centre Neil Squire Society and Penticton Indian Band)
- ਫੌਸਟਰਿੰਗ ਚੇਂਜ (ਫਸਟ ਕਾਲ ਬੀਸੀ) (Fostering Change (First Call BC))
- ਗਰੇਟਰ ਵੈਨਕੂਵਰ ਅਸੋਸੀਏਸ਼ਨ ਔਫ਼ ਦ ਡੈਫ (Greater Vancouver Association of The Deaf)
- ਗ੍ਰੀਨਵੁੱਡ ਬੋਰਡ ਔਫ਼ ਟ੍ਰੇਡ (Greenwood Board of Trade)
- ਹਿਲੇਰੀ ਮਾਰਕਸ (ਸਵੈ-ਪੱਖ-ਪੂਰਕ) (Hilary Marks (self advocate))
- ਇੰਡੀਪੈਂਡੈਂਟ ਲਿਵਿੰਗ ਸੈਂਟਰ (ਵਰਨਨ) (Independent Living Centre (Vernon))
- ਇੰਡੀਵਿਜੁਅਲਾਈਜ਼ਡ ਫੰਡਿੰਗ ਰਿਸੋਰਸ ਸੈਂਟਰ ਸੁਸਾਇਟੀ (Individualized Funding Resource Centre Society)
- ਕਿੱਕਸਟਾਰਟ ਡਿਸਅਬਿਲਿਟੀ ਆਰਟਸ ਐਂਡ ਕਲਚਰ (Kickstart Disability Arts and Culture)
- ਲੈਂਗਲੀ ਕਮਿਊਨਿਟੀ ਸਰਵਿਸਿਜ਼ ਸੁਸਾਇਟੀ (Langley Community Services Society)
- ਲੋਅਰ ਸਿਮਿਲਕਾਮੀਨ ਕਮਿਊਨਿਟੀ ਸਰਵਿਸਿਜ਼ ਸੁਸਾਇਟੀ (Lower Similkameen Community Services Society)
- ਲੂ'ਮਾ ਨੇਟਿਵ ਹਾਉਸਿੰਗ ਐਂਡ ਹੈਲਥ ਸੁਸਾਇਟੀ (Lu'ma Native Housing and Health Society)
- ਨਿਊ ਵੈਸਟਮਿੰਸਟਰ ਐਂਡ ਡਿਸਟ੍ਰਿਕਟ ਲੇਬਰ ਕਾਊਂਸਲ (New Westminster and District Labour Council)
- ਮੇਨ ਆਈਲੈਂਡ ਅਸਿਸਟਿਡ ਲਿਵਿੰਗ ਸੁਸਾਇਟੀ (Mayne Island Assisted Living Society)
- ਨੋਰਥ ਆਈਲੈਂਡ ਮੈਟਿਸ ਅਸੋਸੀਏਸ਼ਨ (North Island Metis Association)
- ਓਕਨਾਗਨ ਰੀਜਨਲ ਲਾਇਬ੍ਰੇਰੀ (Okanagan Regional Library)
- ਓਸੋਯੂਸ ਐਕਸੈਸਿਬਿਲਿਟੀ ਕਮੇਟੀ (Osoyoos Accessibility Committee)
- ਪੀਪਲ ਇਨ ਮੋਸ਼ਨ (ਕੈਲੋਨਾ) (People in Motion (Kelowna))
- ਪਿਵਟ ਲੀਗਲ ਸੁਸਾਇਟੀ (Pivot Legal Society)
- ਪ੍ਰਿੰਸਟਨ ਐਂਡ ਡਿਸਟ੍ਰਿਕਟ ਕਮਿਊਨਿਟੀ ਸਰਵਿਸਿਜ਼ ਸੁਸਾਇਟੀ (Princeton & District Community Services Society)
- ਰਿਚਮੰਡ ਸੈਂਟਰ ਫੌਰ ਡਿਸਅਬਿਲਿਟੀ (ਆਰਸੀਡੀ) (Richmond Centre for Disability (RCD))
- ਸਾਲਟ ਸਪਰਿੰਗ ਕਮਿਊਨਿਟੀ ਅਲਾਇੰਸ ਸੁਸਾਇਟੀ (Salt Spring Community Alliance Society)
- ਸੂਕ ਰੀਜਨ ਕਮਿਊਨਿਟੀਜ਼ ਹੈਲਥ ਨੈਟਵਰਕ (Sooke Region Communities Health Network)
- ਸੈਕੈਲਟ ਪਬਲਿਕ ਲਾਇਬ੍ਰੇਰੀ (Sechelt Public Library)
- ਸੇਮੀਆਹਮੂ ਹਾਉਸ ਸੁਸਾਇਟੀ (ਯੂਨਿਟੀ) (Semiahmoo House Society (Uniti))
- ਸਪੈਕਟ੍ਰਮ ਸੁਸਾਇਟੀ ਫ਼ੌਰ ਕਮਿਊਨਿਟੀ ਲਿਵਿੰਗ (Spectrum Society for Community Living)
- ਸਪਰਿੰਗ ਹਾਵਜ਼ (ਸਵੈ-ਪੱਖ-ਪੂਰਕ) (Spring Hawes (self advocate))
- ਸਕਵੇਅਰ ਪੈੱਗ ਸੁਸਾਇਟੀ (Square Peg Society)
- ਸਟੈੱਪਸ ਫੌਰਵਰਡ (Steps Forward)
- ਦ ਡਿਸਅਬਿਲਿਟੀ ਫਾਉਂਡੇਸ਼ਨ (The Disability Foundation)
- ਯੂਬੀਸੀ ਫੈਕਲਟੀ ਔਫ਼ ਮੈਡੀਸਨ ਡਿਪਾਰਟਮੈਂਟ ਔਫ਼ ਔਕਿਉਪੇਸ਼ਨਲ ਸਾਇੰਸ ਐਂਡ ਔਕਿਉਪੇਸ਼ਨਲ ਥੈਰੇਪੀ (UBC Faculty of Medicine Department of Occupational Science and Occupational Therapy)
- ਯੂਨੀਵਰਸਿਟੀ ਔਫ਼ ਦ ਫ੍ਰੇਜ਼ਰ ਵੈਲੀ ਟੀਚਿੰਗ ਐਂਡ ਲਰਨਿੰਗ ਸੈਂਟਰ (University of the Fraser Valley Teaching and Learning Centre)
- ਯੂਨੀਵਰਸਿਟੀ ਔਫ਼ ਵਿਕਟੋਰੀਆ ਸਟੂਡੈਂਟਸ ਯੂਨੀਅਨ (University of Victoria Students' Union)

## ਸੰਖੇਪ ਰਿਪੋਰਟ

## ਐਕਸੈਸਿਬਿਲਟੀ ਲੈਜਿਲੇਸ਼ਨ ਕਨਸਲਟੇਸ਼ਨ (ਪਹੁੰਚਯੋਗਤਾ ਦੇ ਕਾਨੂੰਨ ਬਾਰੇ ਸਲਾਹ-ਮਸ਼ਵਰਾ)

- ਯੁਨੀਕ ਗੈੱਟ ਟੁਗੈਦਰ ਸੁਸਾਇਟੀ (Unique Get Together Society)
- ਯੂਨਿਟੀ ਸੈਂਟਰ ਅਸੋਸੀਏਸ਼ਨ ਫ਼ੌਰ ਬਲੈਕ ਕਲਚਰਜ਼ (ਯੂਸੀਏਬੀਸੀ) (Unity Centre Association for Black Cultures (UCABC))
- ਵੈਸਟ ਐਂਡ ਸੀਨੀਅਰਜ਼ ਨੈੱਟਵਰਕ (West End Seniors Network)

ਹੇਠ ਲਿਖੀਆਂ ਸਥਾਨਕ ਸਰਕਾਰਾਂ ਨੇ ਸੁਤੰਤਰ ਕਮਿਊਨਿਟੀ ਗੱਲਬਾਤ ਦੀ ਮੇਜ਼ਬਾਨੀ ਕੀਤੀ:

- ਟਾਊਨ ਔਫ਼ ਗਿਬਸਨਜ਼ (Town of Gibsons)
- ਡਿਸਟ੍ਰਿਕਟ ਔਫ਼ ਮਕੈਂਜ਼ੀ (District of Mackenzie)
- ਸਿਟੀ ਔਫ਼ ਮੇਪਲ ਰਿੱਜ (City of Maple Ridge)
- ਸਿਟੀ ਔਫ਼ ਪਾਵਲ ਰਿਵਰ (City of Powell River)
- ਸਿਟੀ ਔਫ਼ ਸਰੀ, ਸਪੋਰਟ ਸਰਵਿਸਿਜ਼ ਐਂਡ ਐਕਸੈਸਿਬਿਲਿਟੀ (City of Surrey, Support Services and Accessibility)